ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162



## ਸਭਾ ਚੋਣਾਂ ਦੀਆਂ ਅਗਾਊਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਨੇ ਕੀਤੀ ਅਧਿਕਾਰੀਆਂ ਨਾਲ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ — ਗੁਰਪ੍ਰੀਤ ਚਹਿਲ

ਬਠਿੰਡਾ, 2 ਮਾਰਚ : ਅਗਾਮੀ ਲੋਕ ਸਭਾ ਚੋਣਾਂ 2024 ਦੀਆਂ ਅਗਾਊਂ ਤਿਆਰੀਆਂ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ. ਜਸਪ੍ਰੀਤ ਸਿੰਘ ਨੇ ਵੱਖ-ਵੱਖ ਅਧਿਕਾਰੀਆਂ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਨੇ ਸਹਾਇਕ ਜ਼ਿਲ੍ਹਾ ਨੋਡਲ ਅਫ਼ਸਰਾਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਅਗਾਮੀ ਲੋਕ ਸਭਾ ਚੋਣਾਂ ਦੀਆਂ ਅਗਾਊਂ ਤਿਆਰੀਆਂ ਸਮੇਂ-ਸਿਰ ਮੁਕੰਮਲ ਕਰਨੀਆਂ ਯਕੀਨੀ ਬਣਾਈਆਂ ਜਾਣ ਅਤੇ ਤਿਆਰੀਆਂ ਵਿਚ ਕਿਸੇ ਕਿਸਮ ਦੀ ਕੋਈ ਕਮੀ ਨਾ ਰਹਿਣ ਦਿੱਤੀ ਜਾਵੇ।



ਇਸ ਦੌਰਾਨ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ. ਜਸਪ੍ਰੀਤ ਸਿੰਘ ਵੱਲੋਂ ਚੋਣਾਂ ਦੌਰਾਨ ਸਥਾਪਿਤ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਟੀਮਾਂ ਜਿਵੇਂ ਕਿ ਅਕਾਊਂਟਿੰਗ ਟੀਮ, ਫਲਾਈਇੰਗ ਸਕਾਊਟ ਟੀਮ, ਸਟੈਟਿਕਸ ਸਰਵੈਲੈਂਸ ਟੀਮ (ਐਸ ਐਸ ਟੀ), ਵੀਡੀਓ ਸਰਵੈਲੈਂਸ ਟੀਮ (ਵੀਐਸਟੀ), ਵੀਡੀਓ ਵਿਊਵਿੰਗ ਟੀਮ (ਵੀਵੀਟੀ), ਮੀਡੀਆ ਸਰਟੀਫ਼ਿਕੇਸ਼ਨ ਐਂਡ ਮੋਨੀਟਰਿੰਗ ਕਮੇਟੀ(ਐਮਸੀਐਮਸੀ), ਜ਼ਿਲ੍ਹਾ ਕੰਪਲੈਂਟ ਸੈਲ ਆਦਿ ਨਾਲ ਸਬੰਧਤ ਕਾਰਜਾਂ ਬਾਰੇ ਦਿਸ਼ਾ-ਨਿਰਦੇਸ਼ ਵੀ ਦਿੱਤੇ।ਇਸ ਮੌਕੇ ਕਮਿਸ਼ਨਰ ਨਗਰ ਨਿਗਮ ਸ਼੍ਰੀ ਰਾਹੁਲ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਮਨਦੀਪ ਕੌਰ, ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਮੈਡਮ ਇਨਾਯਤ, ਉਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ ਸ. ਹਰਜਿੰਦਰ ਸਿੰਘ ਜੱਸਲ, ਸਹਾਇਕ ਕਮਿਸ਼ਨਰ ਸ਼੍ਰੀ ਪੰਕਜ਼ ਕੁਮਾਰ ਤੋਂ ਇਲਾਵਾ ਬਠਿੰਡਾ ਲੋਕ ਸਭਾ ਹਲਕੇ ਨਾਲ ਸਬੰਧਤ ਵੱਖ-ਵੱਖ ਅਧਿਕਾਰੀ ਆਦਿ ਹਾਜ਼ਰ ਸਨ।

## ਮੈਰੀਲੈਂਡ ਯੂਨੀਵਰਸਿਟੀ ਯੂ.ਐੱਸ.ਏ. ਵੱਲੋਂ ਜੇ.ਕੇ. ਜੱਗੀ ਦਾ ਡਾਕਟਰੇਟ ਡਿਗਰੀ ਨਾਲ ਸਨਮਾਨ

ਵਰਲਡ ਪੰਜਾਬੀ ਟਾਈਮਜ਼ — ਗੁਰਬਿੰਦਰ ਸਿੰਘ ਰੋਮੀ




ਰੋਪੜ, 02 ਮਾਰਚ : ਸਤਲੁਜ ਪਬਲਿਕ ਸਕੂਲ, ਰੂਪਨਗਰ ਦੇ ਚੇਅਰਮੈਨ ਜਗਜੀਤ ਕੁਮਾਰ ਜੱਗੀ ਨੂੰ ਸ਼ਾਨਦਾਰ ਲੋਕ-ਪੱਖੀ ਸੇਵਾਵਾਂ ਦੇ ਮੱਦੇਨਜ਼ਰ ਮੈਰੀਲੈਂਡ ਸਟੇਟ ਯੂਨੀਵਰਸਿਟੀ ਯੂ.ਐਸ.ਏ. ਵੱਲੋਂ ਕੋਨਸਟੀਟਿਊਸ਼ਨ ਕਲੱਬ ਆਫ ਇੰਡੀਆ' ਨਵੀਂ ਦਿੱਲੀ ਵਿਖੇ ਕਰਵਾਈ ਗਈ ਕਾਨਵੋਕੇਸ਼ਨ ਵਿੱਚ ਆਨਰੇਰੀ ਪੀ.ਐਚ.ਡੀ. ਦੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ। ਜਿਕਰਯੋਗ ਹੈ ਕਿ ਸ੍ਰੀ ਜੱਗੀ ਆਪਣੀ ਨਿੱਜੀ ਪਹੁੰਚ ਦੇ ਨਾਲ-ਨਾਲ 'ਸਰਬੱਤ ਦਾ ਭਲਾ ਟਰੱਸਟ' ਦੇ ਜ਼ਿਲ੍ਹਾ ਪ੍ਰਧਾਨ ਵਜੋਂ ਅਤੇ ਹੋਰ ਸਮਾਜਿਕ/ਧਾਰਮਿਕ ਸੰਸਥਾਵਾਂ ਦੇ ਸਹਿਯੋਗੀ ਵਜੋਂ ਸਮਾਜ ਸੇਵਾ ਲਈ ਨਿਰਵਿਘਨ ਕਾਰਜਸ਼ੀਲ ਹਨ। ਇਸ ਮੌਕੇ ਡਾ. ਤਨਜ਼ਾਇਰ ਵਸ਼ਿਸ਼ਟ ਲੇਡੀ ਆਫ ਆਨਰ ਪ੍ਰਤੀਨਿਧੀ ਭਾਰਤ ਵਿੱਚ ਅਫਗਾਨਿਸਤਾਨ ਦੀ ਸ਼ਾਂਤੀ ਅਤੇ ਖੇਡ ਕੌਂਸਲ, ਡਾ. (ਪ੍ਰੋ.) ਨਿਸ਼ਾਕਾਂਤ ਓਝਾ CISO/ਸਲਾਹਕਾਰ -ਸਾਈਬਰ, ਏਰੋਸਪੇਸ ਸੁਰੱਖਿਆ/ਅੱਤਵਾਦ ਵਿਰੋਧੀ ਉੱਘੇ ਫੈਕਲਟੀ-ਰੱਖਿਆ ਤੇ ਪੈਰਾ ਮਿਲਟਰੀ ਵਕੀਲ, ਡਾ. ਪਰੀਨ ਸੋਮਾਨੀ ਡਾਇਰੈਕਟਰ ਲੰਡਨ ਆਰਗੇਨਾਈਜੇਸ਼ਨ ਆਫ ਸਕਿੱਲ ਡਿਵੈਲਪਮੈਂਟ ਯੂ.ਕੇ ਤੇ ਸੈਨੇਟ ਮੈਂਬਰ HIU ਜਰਮਨੀ, ਡਾ. ਪੀ .ਕੇ. ਰਾਜਪੂਤ ਸਾਬਕਾ ਸੀਨੀਅਰ ਮੀਤ ਪ੍ਰਧਾਨ ਸ ਕੈਡਿਲਾ ਫਾਰਮਾ ਲਿਮਿਟੇਡ ਤੇ ਸੈਨੇਟ ਮੈਂਬਰ MSU ਸੰਯੁਕਤ ਰਾਜ, ਡਾ. ਮਹਿਰਾਨ ਲਾਹੂਤੀ ਸੈਨੇਟ ਮੈਂਬਰ MSU/USA, ਸੀਓਨ ਡੀ ਚੁੰਗ ਪ੍ਰਧਾਨ, ਆਈਕੇਬੀਸੀਸੀ ਇੰਡੋ-ਕੋਰੀਆ ਬਿਜ਼ਨਸ ਕਲਚਰ ਸੈਂਟਰ ਤੇ ਅਕਾਦਮਿਕ ਸਲਾਹਕਾਰ MSU/USA, ਡਾ. ਮੰਜੂ ਗੁਪਤਾ ਡਾਇਰੈਕਟਰ (ਰਣਨੀਤਕ ਪ੍ਰਬੰਧਨ) ਮੰਗਲਮਏ ਗਰੁੱਪ ਆਫ ਇੰਸਟੀਚਿਊਸ਼ਨਜ਼ ਤੇ ਸੈਨੇਟ ਮੈਂਬਰ HIU ਜਰਮਨੀ, ਅਨੀਤਾ ਚੌਹਾਨ ਨੈਸ਼ਨਲ ਡਾਇਰੈਕਟਰ ਇੰਡੀਅਨ ਸੋਸਾਇਟੀ ਆਫ ਟ੍ਰੇਨਿੰਗ ਐਂਡ ਡਿਵੈਲਪਮੈਂਟ ਤੇ ਸੈਨੇਟ ਮੈਂਬਰ HIU ਜਰਮਨੀ, ਦੀਪਿਕਾ ਜੋਸ਼ੀ ਸਿੱਖਿਅਕ ਜਾਰਜੀਆ ਤੇ ਸੈਨੇਟ ਮੈਂਬਰ ਕਮ ਸਲਾਹਕਾਰ HIU ਜਰਮਨੀ, ਮਰੀਅਮ ਅਲੀਜ਼ਾਦੇਹ ਅਕਾਦਮਿਕ ਸਲਾਹਕਾਰ HIU ਜਰਮਨੀ ਅਤੇ ਹੁਦਾ ਅਲੀਲ ਸੈਨੇਟ ਮੈਂਬਰ MSU, USA। ਹਾਜ਼ਰ ਸਨ।

## ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਦੀ ਤਰਕਸ਼ੀਲਾਂ ਦੀ ਮੰਗ ਦਾ ਪੈਨਸ਼ਨਰਾਂ ਨੇ ਕੀਤਾ ਸਮਰਥਨ

### ਐਸੋਸੀਏਸ਼ਨ ਦੇ ਮੈਂਬਰਾਂ ਨੂੰ ਤਰਕਸ਼ੀਲ ਕੈਲੰਡਰ ਨਾਲ ਸਨਮਾਨਿਤ ਕੀਤਾ

ਵਰਲਡ ਪੰਜਾਬੀ ਟਾਈਮਜ਼ — ਸੁਰਿੰਦਰ ਪਾਲ ਉਪਲੀ



ਸੰਗਰੂਰ 2 ਮਾਰਚ :ਬੀਐਸਐਨਐਲ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਬੀਐਸਐਨਐਲ ਪਾਰਕ ਸੰਗਰੂਰ ਵਿੱਖੇ ਸ਼੍ਰੀ ਗੁਰੂ ਰਵੀਦਾਸ ਭਗਤ ਜੀ ਨੂੰ ਸਮਰਪਿਤ ਮਹੀਨੇਵਾਰ ਮੀਟਿੰਗ ਕੀਤੀ ਗਈ। ਰਵਾਇਤ ਮੁਤਾਬਿਕ ਸ਼ੁਰੂਆਤ ਇਸ ਮਹੀਨੇ ਪੈਨਸ਼ਨਰਾਂ ਦੇ ਵਿਛੜੇ ਪਰਿਵਾਰਿਕ ਮੈਂਬਰਾਂ ਨੂੰ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜ਼ਲੀ ਪੇਸ਼ ਕੀਤੀ ਗਈ।
ਇਸ ਮਹੀਨੇ ਜਨਮ ਦਿਨ ਅਤੇ ਹੋਰ ਪਰਿਵਾਰਕ ਖੁਸ਼ੀਆਂ ਵਾਲੇ ਸਾਥੀਆਂ ਨੂੰ ਮੁਬਰਕਬਾਦ ਦਿੱਤੀ ਗਈ ਅਤੇ ਹਾਰ ਪਾ ਕੇ ਗਿਫ਼ਟ ਦਿੱਤੇ ਗਏ।
– ਪਟਿਆਲਾ ਵਿਖੇ ਸਥਾਪਿਤ ਹੋਣ ਵਾਲੇ ਵੈਲਨੈਸ ਸੈਂਟਰ ਲਈ ਸੰਸਦ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਸਬੰਧੀ ਜਤਨ ਕਰਨ ਵਾਲੇ ਸ਼੍ਰੀ ਰਾਜ ਕੁਮਾਰ ਅਤੇ ਸ਼੍ਰੀ ਏ ਐਸ ਹੁੰਦਲ ਦਾ ਵੀ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਗਿਆ।
ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਲਈ ਐਮ ਐਲ ਏਜ਼ ਨੂੰ ਦਿਤੇ ਜਾ ਰਹੇ ਮੰਗ ਪੱਤਰਾਂ ਦੀ ਸ਼ਲਾਘਾ ਕਰਦਿਆਂ ਇਸ ਦੇ ਸਮਰਥਨ ਵਿਚ ਮਤਾ ਪਾਸ ਕੀਤਾ ਗਿਆ। ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਰਗਰਮ ਮੈਂਬਰਾਂ ਨੂੰ ਤਰਕਸ਼ੀਲ ਕੈਲੰਡਰ ਨਾਲ ਸਨਮਾਨਿਤ ਕੀਤਾ ਗਿਆ।
ਖਨੌਰੀ ਦੇ ਬਾਰਡਰ ਤੇ ਹਰਿਆਣਾ ਪੁਲੀਸ ਦੀ ਗੋਲੀ ਨਾਲ ਇੱਕ ਨੌਜੁਆਨ ਦਾ ਮਾਰੇ ਜਾਣਾ ਅਤੇ ਦਰਜਨਾਂ ਕਿਸਾਨ ਫੱਟੜ ਕਰਨ
ਬੁੱਧੀਜੀਵੀ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਖਿਲਾਫ ਧਾਰਾ 295ਏ ਦੁਰਵਰਤੋਂ ਕਰਨ ਅਤੇ
ਬੀਐਸਐਨਐਲ ਪੀ ਡਬਲਿਊ ਏ ਪੰਜਾਬ ਦੇ ਸਰਕਲ ਸੈਕਟਰੀ ਸ਼੍ਰੀ ਜੀ ਐਸ ਬਾਜਵਾ ਦੇ ਅੰਮ੍ਰਿਤਸਰ, ਸੰਗਰੂਰ ਅਤੇ ਚੰਡੀਗੜ੍ਹ ਦੇ ਸੈਕੜੇ ਮੈਂਬਰਾਂ ਦੀਆਂ ਭਾਵਨਾਵਾਂ ਦੇ ਅਣਦੇਖੀ ਕਰਕੇ ਲਏ ਗਏ ਫੈਸਲਿਆਂ ਸਬੰਧੀ ਨਿੰਦਿਆ ਮਤੇ ਸਰਵਸੰਮਤੀ ਨਾਲ ਪਾਸ ਕੀਤੇ ਗਏ। -ਇਸ ਸਮੇਂ ਬੋਲਦਿਆਂ ਕਾਮਰੇਡ ਸੁਖਬੀਰ ਨੇ ਆਪਣੀ ਰਿਟਾਇਰਮੈਂਟ ਤੋਂ ਬਾਦ ਧੂਰੀ ਵਿਖੇ ਸਥਾਪਿਤ ਕੀਤੀ ਗਈ ਐਸੋਸ਼ੀਏਸ਼ਨ ਨੂੰ ਆਪਣੇ ਵੱਲੋਂ ਦਿੱਤੇ ਗਏ ਯੋਗਦਾਨ ਸਬੰਧੀ ਚਾਨਣਾ ਪਾਇਆ।
ਸ਼੍ਰੀ ਵੀ ਕੇ ਮਿੱਤਲ ਨੇ ਸੰਗਰੂਰ ਵਿੱਖੇ 150 ਮੈਂਬਰਾਂ ਦੁਆਰਾ ਚੁਣੀ ਗਈ ਜ਼ਿਲ੍ਹਾ ਬਾਡੀ ਦੇ ਕਾਰਜਾਂ ਬਾਰੇ ਚਾਨਣਾ ਪਾਇਆ ਅਤੇ ਵੈਲਫ਼ੇਅਰ ਕਾਰਜਾਂ ਲਈ ਜ਼ਿਲ੍ਹਾ ਹੈੱਡ ਕੁਆਰਟਰ ਦੀ ਮਹੱਤਤਾ ਬਾਰੇ ਦੱਸਿਆ ਅਤੇ ਹਉਮੈ ਤਿਆਗ ਕੇ ਆਪਸੀ ਏਕਤਾ ਕਾਇਮ ਕਰਨ ਦੀ ਸਲਾਹ ਦਿੱਤੀ।
ਸ਼੍ਰੀ ਮੁਖ਼ਤਿਆਰ ਸਿੰਘ ਰਾਓ, ਰਘਵੀਰ ਸਿੰਘ ਛਾਜਲੀ, ਪੀ ਸੀ ਬਾਘਾ, ਪੀ ਕੇ ਗਰਗ ,ਗੁਰਮੇਲ ਸਿੰਘ ਭੱਟੀ ,ਮਹਿੰਦਰ ਸਿੰਘ ਚੌਧਰੀ ਨੇ ਏਕਤਾ ਤੇ ਜ਼ੋਰ ਦਿੱਤਾ ਅਤੇ ਦੋਵੇਂ ਜ਼ਿਲ੍ਹਾ ਕਮੇਟੀਆਂ ਭੰਗ ਕਰਕੇ ਨਵੀਂ ਚੋਣ ਸਬੰਧੀ ਫਾਰਮੂਲਾ ਪੇਸ਼ ਕੀਤਾ ਜਿਸ ਨੂੰ ਹਾਜ਼ਰ ਮੈਂਬਰਾਂ ਨੇ ਤਾੜੀਆਂ ਨਾਲ ਮਨਜੂਰੀ ਦਿੱਤੀ।
ਸ਼੍ਰੀ ਮੋਹਨ ਸਿੰਘ ਅਤੇ ਕਾਂਮਰੇਡ ਨਛੱਤਰ ਸਿੰਘ ਨੇ ਵੀ ਸੰਬੋਧਨ ਕੀਤਾ ਪ੍ਰੰਤੂ ਉਹ 17 ਤਰੀਕ ਨਾ ਬਦਲਣ ਸਬੰਧੀ ਕੋਈ ਤਸੱਲੀ ਬਖਸ਼ ਤਰਕ ਨਾ ਦੇ ਸਕੇ। ਅੰਤ ਵਿੱਚ ਸ਼੍ਰੀ ਸਾਧਾ ਸਿੰਘ ਵਿਰਕ ਨੇ ਵੱਖ ਵੱਖ ਸਟੇਸ਼ਨਾਂ ਤੋਂ ਆਏ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਸੰਗਰੂਰ ਟੀਮ ਵੱਲੋਂ ਪੈਨਸ਼ਨਰਾਂ ਦੀ ਭਲਾਈ ਵਿੱਚ ਬਿਨਾਂ ਕਿਸੇ ਭੇਦ ਭਾਵ ਜਾਂ ਗਰੁੱਪ ਬਾਜੀ ਤੋਂ ਪਹਿਲਾਂ ਵਾਂਗ ਹੀ ਕਰਨ ਦਾ ਅਹਿਦ ਦੁਹਰਾਇਆ।

## ਸੁਖਜੀਤ ਦੀ ਯਾਦ ਵਿਚ ਸਮਾਗਮ 4 ਨੂੰ ਹੋਵੇਗਾ।

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ 2 ਮਾਰਚ : ਪਿਛਲੇ ਦਿਨੀਂ ਵਿਛੋੜਾ ਦੇ ਗਏ ਭਾਰਤੀ ਸਾਹਿਤ ਅਕਾਦਮੀ ਅਵਾਰਡ ਜੇਤੂ ਕਹਾਣੀਕਾਰ ਸੁਖਜੀਤ ਜੀ ਦੀ ਯਾਦ ਵਿਚ ਹਰਿਆਣਾ ਸਾਹਿਤ ਤੇ ਸੰਸਕ੍ਰਿਤੀ ਅਕਾਦਮੀ ਦੇ ਪੰਜਾਬੀ ਸੈੱਲ ਵੱਲੋਂ ਉਨ੍ਹਾਂ ਦੀ ਯਾਦ ਵਿਚ ਇਕ ਸਮਾਗਮ ਦਾ ਆਯੋਜਨ ਅਕਾਦਮੀ ਦੇ ਮਹਾਰਾਜਾ ਦਾਹਿਰਸੈਨ ਸਭਾਗਾਰ, ਪੀ. 16, ਸੈਕਟਰ-14, ਪੰਚਕੂਲਾ ਵਿਖੇ ਸਵੇਰੇ 11.00 ਵਜੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਸੁਖਜੀਤ ਜੀ ਦੇ ਧਰਮ ਪਤਨੀ ਸ਼੍ਰੀਮਤੀ ਗੁਰਦੀਪ ਕੌਰ ਵਿਸ਼ੇਸ਼ ਤੌਰ ਉਤੇ ਸ਼ਿਰਕਤ ਕਰ ਰਹੇ ਹਨ। ਸੁਖਜੀਤ ਜੀ ਪੰਜਾਬੀ ਦੇ ਸਿਰਕੱਢ ਕਹਾਣੀਕਾਰ ਹੋਣ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਦੇ ਖਿਲਾਫ ਲੜ੍ਹਨ ਵਿੱਚ ਵੀ ਸਭ ਤੋਂ ਮੋਹਰੀ ਹੁੰਦੇ ਸਨ। ਉਹ ਜਮੀਨ ਨਾਲ ਜੁੜੇ ਹੋਏ ਇਕ ਅਜਿਹੇ ਸਾਹਿਤਕਾਰ ਸਨ ਜਿਨ੍ਹਾਂ ਦੀਆਂ ਰਚਨਾਵਾਂ ਵਿਚੋਂ ਭਾਰਤ ਬੋਲਦਾ ਸੀ। ਇਸ ਸਮਾਗਮ ਮੌਕੇ ਸ਼ਾਮਿਲ ਹੋ ਕੇ ਸਾਹਿਤਕਾਰ ਤੇ ਉਨ੍ਹਾਂ ਦੇ ਦੋਸਤ ਮਿੱਤਰ ਸੁਖਜੀਤ ਜੀ ਦੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਉਨ੍ਹਾਂ ਨੂੰ ਯਾਦ ਕਰਨਗੇ।

## ਇਟਲੀ ਦੇ ਹਰ ਸਾਲ ਖੁੱਲਦੇ ਪੇਪਰ,ਜਿਵੇਂ ਤਾਂਤਰਿਕ ਬਾਬਿਆਂ ਦਾ ਪ੍ਰਚਾਰ, ਹੁੰਦੇ ਹਨ ਹਰ ਸਾਲ ਹਜ਼ਾਰਾਂ ਨੌਜਵਾਨ ਲੱਖਾਂ ਦੀ ਲੁੱਟ ਦਾ ਸ਼ਿਕਾਰ

ਵਰਲਡ ਪੰਜਾਬੀ ਟਾਈਮਜ਼ — ਨਵਜੋਤ ਪਣੈਚ ਢੀਂਡਸਾ

ਮਿਲਾਨ, 2 ਮਾਰਚ : ਬੇਸ਼ਕ ਇਟਲੀ ਦਾ ਨੌਜਵਾਨ ਅੱਜ ਬਿਹਤਰ ਭੱਵਿਖ ਲਈ ਇਟਲੀ ਨੂੰ ਅਲਵਿਦਾ ਆਖ ਰਿਹਾ ਹੈ ਇਟਲੀ ਦੀ ਰਾਸ਼ਟਰੀ ਅੰਕੜਾ ਏਜੰਸੀ ਇਸਤਤ ਅਨੁਸਾਰ ਪਿਛਲੇ 2 ਦਹਾਕਿਆਂ ਦੌਰਾਨ ਦੇਸ਼ ਦੇ 30 ਲੱਖ ਨੌਜਵਾਨਾਂ ਨੇ ਬੇਰੁਜ਼ਗਾਰੀ ਕਾਰਨ ਇਟਲੀ ਤੋਂ ਕਿਨਾਰਾ ਕਰ ਲਿਆ ਹੈ ਪਰ ਇਸ ਦੇ ਬਾਵਜੂਦ ਪ੍ਰਵਾਸੀਆਂ ਦਾ ਇਟਲੀ ਵਿਚ ਧੜਾਧੜ ਗੈਰ ਕਾਨੂੰਨੀ ਢੰਗ ਨਾਲ ਆਉਣਾ ਇਟਲੀ ਸਰਕਾਰ ਨੂੰ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਆਖ਼ਿਰ ਕਿਉਂ ਪ੍ਰਵਾਸੀ ਇੰਨੀ ਵੱਡੀ ਤਦਾਦ ਵਿੱਚ ਇਟਲੀ ਆ ਰਹੇ ਹਨ।ਇਟਲੀ ਸਰਕਾਰ ਨੇ ਪ੍ਰਵਾਸੀਆਂ ਦੀ ਇਹੀ ਨਬਜ਼ ਨੂੰ ਪਛਾਣਦਿਆਂ ਉਹਨਾਂ ਤੋਂ ਖਾਲੀ ਸਰਕਾਰੀ ਖਜ਼ਾਨੇ ਨੂੰ ਭਰਨ ਲਈ ਹਰ ਸਾਲ ਇਟਲੀ ਤੋਂ ਬਾਹਰੋਂ ਕਾਮਿਆਂ ਦੀ ਮੰਗ ਕਰਨਾ ਸਰਕਾਰ ਦੇ ਭਲੇ ਵਿੱਚ ਹੋਵੇ ਜਾਂ ਨਾ ਪਰ ਉਹਨਾਂ ਠੱਗ ਏਜੰਟਾਂ ਦੇ ਫਾਇਦਾ ਵਿੱਚ ਜਰੂਰ ਹੋ ਰਿਹਾ ਹੈ ਜਿਹੜੇ ਇਟਲੀ ਦੇ ਤਥਾਕਥਿਤ ਇਮੀਗ੍ਰੇਸ਼ਨ ਅਫ਼ਸਰ ਬਣ ਲੋਕਾਂ ਤੋਂ ਲੱਖਾਂ ਰੁਪਏ ਡਕਾਰ ਰਹੇ ਹਨ। ਇਟਲੀ ਯੂਰਪ ਦਾ ਅਜਿਹਾ ਦੇਸ਼ ਹੈ ਜਿਸ ਦੇ ਨਾਮ ਉਪੱਰ ਸਭ ਤੋਂ ਵੱਧ ਭਾਰਤੀ ਨੌਜਵਾਨਾਂ ਦੀ ਲੁੱਟ ਤਥਾਕਥਿਤ ਟ੍ਰੈਵਲ ਏਜੰਟ ਇਟਲੀ ਦਾ ਕੰਮ ਵਾਲਾ ਵੀਜ਼ਾ ਲੁਆਉਣ ਦੇ ਨਾਮ ਤੇ ਕਰਦੇ ਹਨ ਅਜਿਹਾ ਵੀ ਕਹਿ ਸਕਦੇ ਹਾਂ ਕਿ ਜਿਸ ਤਰ੍ਹਾਂ ਅਵਾਮ ਵਿੱਚ ਉਹਨਾਂ ਬਾਬਿਆਂ ਦੇ ਇਸ਼ਤਿਹਾਰਾਂ ਦਾ ਗੁੱਗਾ ਅਲਾਪਿਆ ਜਾਂਦਾ ਹੈ ਜਿਹੜੇ ਕਿ ਵਸ਼ੀਕਰਨ,ਕਾਰੋਬਾਰ ਜਾਂ ਲੋਕਾਂ ਨੂੰ ਭੂਤ-ਪ੍ਰੇਤਾਂ ਤੋਂ ਬਚਾਉਣ ਦੇ ਵੱਡੇ-ਵੱਡੇ ਦਾਵੇ ਕਰਦੇ ਹਨ ਪਰ ਇਹਨਾਂ ਦਾਵਿਆਂ ਨਾਲ ਕਿੰਨੇ ਲੋਕਾਂ ਦਾ ਭਲਾ ਹੁੰਦਾ ਇਹ ਸਭ ਭਲੀਭਾਂਤ ਜਾਣਦੇ ਹਨ ਠੀਕ ਉਸ ਤਰ੍ਹਾਂ ਹੀ ਅੱਜ ਦੇ ਸੋਸ਼ਲ ਮੀਡੀਏ ਵਿੱਚ




ਇਟਲੀ ਦੇ ਪੇਪਰ ਖੁਲੱਣ ਦਾ ਜ਼ਿਆਦਾਤਰ ਆਪੂ ਬਣੇ ਪੱਤਰਕਾਰ ਦਿਨ-ਰਾਤ ਪ੍ਰਚਾਰ ਕਰਦੇ ਹਨ ਤੇ ਨਾਲ ਹੀ ਆਪਣੀ ਏਜੰਟਗਿਰੀ ਦੀਆਂ ਸਰਾਫ਼ਤੀ ਬਾਤਾਂ ਪਾਕੇ ਮੁਰਗੇ ਫਸਾਉਣ ਲਈ ਚੋਗਾ ਵੀ ਖਿਲਾਦੇ ਹਨ ਜਿਸ ਵਿੱਚ ਭਾਰਤ ਤੇ ਪਾਕਿਸਤਾਨੀ ਪੰਜਾਬ ਦੇ ਭੋਲੇਭਾਲੇ ਜਾਂ ਮਜ਼ਬੂਰ ਨੌਜਵਾਨ ਫਸ ਜਾਦੇ ਹਨ।ਇਹ ਪੰਜਾਬੀ ਨੌਜਵਾਨ ਹਰ ਸਾਲ ਉਸ ਸਮੇਂ ਲੱਖਾਂ ਰੁਪਏ ਦੀ ਲੁੱਟ ਚਿੱਟੇ ਦਿਨ ਆਪ ਹੀ ਤਥਾਕਥਿਤ ਏਜੰਟਾਂ ਕੋਲ ਜਾਂ-ਜਾਂ ਕਰਵਾਉਂਦੇ ਹਨ ਜਦੋਂ ਇਟਲੀ ਦੀ ਸਰਕਾਰ ਕੰਮ ਵਾਲੇ ਪੇਪਰਾਂ ਲਈ ਕੋਟਾਂ ਜਾਰੀ ਕਰਦੀ ਹੈ।ਇਟਲੀ ਦੇ ਪ੍ਰਧਾਨ ਮੰਤਰੀ ਦੇ ਤਖ਼ਤ ਉਪੱਰ ਬਿਰਾਜਮਾਨ ਕੋਈ ਵੀ ਹੋਵੇ ਪਰ ਸੰਨ 2006 ਤੋਂ ਇਟਲੀ ਸਰਕਾਰ ਦੇਸ਼ ਅੰਦਰ ਕਾਮਿਆਂ ਦੀ ਮੰਗ ਵਧਾਉਂਦੀ ਹੀ ਜਾ ਰਹੀ ਹੈ ਜਿਸ ਨਾਲ ਸਰਕਾਰ ਨੂੰ ਉਹਨਾਂ ਲਾਭ ਹੁੰਦਾ ਨਹੀਂ ਜਾਪਦਾ ਜਿੰਨਾ ਲਾਭ ਤਥਾਕਥਿਤ ਏਜੰਟਾਂ ਨੂੰ ਹੁੰਦਾ ਹੈ ਤੇ ਸਭ ਤੋਂ ਵੱਧ ਉਹਨਾਂ ਨੌਜਵਾਨਾਂ ਨੂੰ ਨੁਕਸਾਨ ਝੱਲਣਾ ਪੈਂਦਾ ਹੈ ਜਿਹੜੇ ਵਿਚਾਰੇ ਲੱਖਾਂ ਰੁਪਏ ਕਰਜ਼ਾ ਚੁੱਕ ਇਟਲੀ ਵਰਕ ਪਰਮਿੰਟ ਉਪੱਰ ਆਉਂਦੇ ਹਨ ਪਰ ਇੱਥੇ ਆਕੇ ਵੀ ਕੱਚੇ ਦੇ ਕੱਚੇ ਰਹਿ ਜਾਦੇ ਹਨ ਕਿਉਂਕਿ ਉਹਨਾਂ ਦੇ ਏਜੰਟ ਨਿਵਾਸ ਆਗਿਆ ਲਈ ਉਹਨਾਂ ਦੇ ਪੇਪਰ ਇਮੀਗ੍ਰੇਸ਼ਨ ਦਫ਼ਤਰ ਵਿੱਚ ਜਮਾਂ ਨਹੀਂ ਕਰਵਾਉਂਦੇ ਕੁਝ ਕੁ ਤਾਂ ਭਾਰਤ ਜਾਂ ਪਾਕਿਸਤਾਨ ਵਿੱਚ ਰਹਿ ਜਾਂਦੇ ਹਨ ਕਿਉਂਕਿ ਏਜੰਟ ਉਹਨਾਂ ਨੂੰ ਫਰਜ਼ੀ ਪੇਪਰਾਂ ਦਾ ਲੋਲੀਪੋਪ ਦੇ 9-2-11 ਹੋ ਜਾਂਦੇ ਹਨ।ਇਟਲੀ ਦਾ ਸਭ ਤੋਂ ਵੱਡਾ ਸੂਬਾ ਕੰਪਾਨੀਆਂ ਹੈ ਜਿੱਥੇ ਮਾਫ਼ੀਆ ਰਾਜ ਹੈ ਇਹ ਮਾਫ਼ੀਆ ਸਥਾਨਕ ਵਕੀਲਾਂ ਨਾਲ ਗੰਡਤੁਪ ਕਰਕੇ ਹੁਣ ਤੱਕ ਲੱਖਾਂ ਲੋਕਾਂ ਨੂੰ ਬਿਨ੍ਹਾਂ ਇਟਾਲੀਅਨ ਮਾਲਕਾਂ ਨੂੰ ਜਾਣਕਾਰੀ ਦਿੱਤੇ ਉਹਨਾਂ ਦੇ ਪੇਪਰਾਂ ਉਪੱਰ ਕਾਮਿਆਂ ਨੂੰ ਸਰਕਾਰੇ ਦਰਬਾਰਾਂ ਸੈਟਿੰਗ ਕਰ ਬਾਹਰੋ ਬਾਹਰ ਬੁਲਾ ਚੁੱਕਾ ਹੈ ਜਿਹਨਾਂ ਦਾ ਹੁਣ ਪਰਦਾਫਾਸ਼ ਹੋ ਚੁੱਕਾ ਹੈ ਤੇ ਇਟਲੀ ਅੰਬੈਂਸੀ ਦਿੱਲੀ ਨੇ ਅਜਿਹੇ ਨੂਲੇ ਔਸਤਿਆਂ ਉਪੱਰ ਵੀਜ਼ੇ ਦੇਣੇ ਬੰਦ ਕਰ ਦਿੱਤੇ ਹਨ।ਇਸ ਵਾਰ ਜਦੋਂ ਇਟਲੀ ਦੇ ਪੇਪਰ ਖੁਲੱਣ ਦਾ ਐਲਾਨ ਹੋ ਚੁੱਕਾ ਹੈ ਤਾਂ ਉਹਨਾਂ ਤਥਾਕਥਿਤ ਏਜੰਟਾਂ ਨੇ ਆਪਣੇ ਮਨਸੂਬਿਆਂ ਨੂੰ ਨੇਪਰੇ ਚਾੜਨ ਲਈ ਸੋਸ਼ਲ ਮੀਡੀਏ ਰਾਹੀ ਜਾਲ ਵਿਛਾਉਣਾ ਸ਼ੁਰੂ ਕਰ ਦਿੱਤਾ ਹੈ ਤੇ ਬਹੁਤ ਸਾਰੇ ਕਬੂਤਰ ਸਾਡੇ ਜਾਗਰੂਕ ਕਰਨ ਦੇ ਬਾਵਜੂਦ ਇਹਨਾਂ ਠੱਗਾਂ ਦੇ ਜਾਲ ਵਿੱਚ ਫਸ ਜਾਣਗੇ ਕਿਉਂਕਿ ਲੁੱਟ ਹੋਣ ਵਾਲੇ ਨੌਜਵਾਨਾਂ ਨੂੰ ਲੱਗਦਾ ਹੈ ਕਿ ਇਟਲੀ ਦੇ ਕਾਨੂੰਨ ਤੇ ਪੇਪਰਾਂ ਸੰਬਧੀ ਮੁਕੰਮਲ ਜਾਣਕਾਰੀ ਉਹਨਾਂ ਸੋਸ਼ਲ ਮੀਡੀਏ ਰਾਹੀ ਲੈ ਲਈ ਹੈ ਤੇ ਆਪਣੀ ਨਾਲ ਹੋ ਰਹੀ ਲੁੱਟ ਦੀ ਉਹ ਕਿਸੇ ਰਿਸ਼ਤੇਦਾਰ ਜਾਂ ਸਾਕ ਸਬੰਧੀ ਨੂੰ ਭਿੰਨਕ ਵੀ ਨਹੀਂ ਲੱਗਣ ਦਿੰਦੇ ।ਅਜਿਹੇ ਵਾਕਿਆਂ ਇਟਲੀ ਵਿੱਚ ਹਰ ਸਾਲ ਹੁੰਦੇ ਹਨ ਤੇ ਸ਼ਾਇਦ ਹੁੰਦੇ ਵੀ ਰਹਿਣਗੇ ਕਿਉਂਕਿ ਕਿ ਕਈ ਵਾਰ ਬੇਰੁਜ਼ਗਾਰੀ,ਲਾਚਾਰੀ,ਬੇਵੱਸੀ ਤੇ ਘਰਾਂ ਦੀ ਮਜ਼ਬੂਰੀ ਇਨਸਾਨ ਨੂੰ ਅੱਖੀ ਦੇਖ ਮੱਖੀ ਖਾਣ ਲਈ ਮਜ਼ਬੂਰ ਕਰ ਦਿੰਦੀ ਹੈ।ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਵੱਲੋਂ ਅਸੀਂ ਉਹਨਾਂ ਤਮਾਮ ਪੰਜਾਬੀ ਜਾਂ ਭਾਰਤੀ ਨੌਜਵਾਨਾਂ ਨੂੰ ਇਹ ਜਰੂਰ ਦੱਸਣਾ ਚਾਹੁੰਦੇ ਹਾਂ ਕਿ ਜੇਕਰ ਉਹ ਇਟਲੀ ਦੇ ਵਰਕ ਪਰਮਿੰਟ ਉਪੱਰ ਇਟਲੀ ਆਉਣ ਦੇ ਇਛੁੱਕ ਹੈ ਤਾਂ ਆਪਣੇ ਪੇਪਰਾਂ ਦੀ ਪੂਰੀ ਜਾਣਕਾਰੀ ਜਰੂਰ ਲੈਣ ਤੇ ਏਜੰਟ ਨਾਲ ਪੱਕੀ ਠੱਕੀ ਕਰਨ ਸਮੇਂ ਇਟਲੀ ਆਕੇ ਪੇਪਰ ਜਮ੍ਹਾਂ ਕਰਵਾਉਣ ਦੀ ਗੱਲ ਜਰੂਰ ਕਰਨ ਨਹੀਂ ਤਾਂ ਉਹਨਾਂ ਨੂੰ ਬਹੁਤ ਪਛਤਾਉਣਾ ਪੈ ਸਕਦਾ ਹੈ ਕਿਉਂ ਕਿ ਬਿਨ੍ਹਾਂ ਪੇਪਰ ਇਟਲੀ ਵਿੱਚ ਕੰਮ ਲੱਭਣਾ ਹਨੇਰੇ ਵਿੱਚ ਸੂਈ ਲੱਭਣ ਬਰਾਬਰ ਹੁੰਦਾ ਜਾ ਰਿਹਾ ਹੈ।ਇਹਨਾਂ ਪੇਪਰਾਂ ਦੀ ਆੜ ਵਿੱਚ ਉਹ ਠੱਗ ਦੋਨਾਂ ਹੱਥਾਂ ਨਾਲ ਲੋਕਾਂ ਦੀ ਲੁੱਟ ਰੱਜ ਕੇ ਕਰਨਗੇ ਜਿਹੜੇ ਪੇਪਰ ਅਪਲਾਈ ਕਰਨ ਲਈ 100-200 ਯੂਰੋ ਪਹਿਲਾਂ ਲੈਣਗੇ ਤੇ ਫਰਜ਼ੀ ਰਸੀਦਾਂ ਦੇ ਅਣਜਾਣ ਨੌਜਵਾਨਾਂ ਨੂੰ ਉੱਲੂ ਬਣਾ ਕੇ ਵੀ ਸਾਫ਼ ਬਚ ਜਾਣਗੇ ਕਿਉਂਕਿ ਇਹ ਠੱਗ ਪਹਿਲਾਂ ਹੀ ਦੱਸ ਦਿੰਦੇ ਹਨ ਕਿ ਜੇਕਰ ਪੇਪਰ ਨਾ ਨਿਕਲੇ ਤਾਂ ਅਡਵਾਂਸ ਨਹੀਂ ਮੁੜਨਾ।ਜ਼ਿਕਰਯੋਗ ਹੈ ਕਿ ਇਟਲੀ ਪ੍ਰਵਾਸੀਆਂ ਦਾ ਹਰਮਨ ਪਿਆਰਾ ਦੇਸ਼ ਹੋਣ ਕਾਰਨ ਸੰਨ 1990 ਤੋਂ ਸੰਨ 2020 ਤੱਕ 16 ਲੱਖ 20 ਹਜ਼ਾਰ ਪ੍ਰਵਾਸੀਆਂ ਨੇ ਇਟਾਲੀਅਨ ਨਾਗਰਿਕਤਾ ਹਾਸਲ ਕੀਤੀ ਹੈ ਤੇ ਇਸ ਸਮੇਂ ਦੇਸ਼ ਵਿੱਚ ਸਭ ਤੋਂ ਵੱਧ ਚਾਈਨੀ ਪ੍ਰਵਾਸੀਆਂ ਦੀ ਗਿਣਤੀ ਹੈ।ਰਾਸ਼ਟਰੀ ਏਜੰਸੀ ਇਸਤਤ ਅਨੁਸਾਰ ਸੰਨ 2022 ਵਿੱਚ ਸਰਕਾਰ ਨੇ 37 ਲੱਖ ਪ੍ਰਵਾਸੀਆਂ ਨੂੰ ਇਟਲੀ ਦੀ ਨਿਵਾਸ ਆਗਿਆ ਦਿੱਤੀ ਜਿਸ ਵਿੱਚ 15 ਲੱਖ ਪ੍ਰਵਾਸੀਆਂ ਨੂੰ ਅਸਥਾਈ ਤੇ 22 ਲੱਖ ਨੂੰ ਸਥਾਈ ਨਿਵਾਸ ਆਗਿਆ ਮਿਲੀ ਹੈ।

## ਅੱਜ ਸ਼੍ਰੀ ਆਖੰਡ ਪਾਠ ਦੇ ਭੋਗ ਉਪਰੰਤ ਮੁਫ਼ਤ ਮੈਡੀਕਲ ਕੈਂਪਾਂ ਨਾਲ ਹੋਵੇਗੀ ਬਾਬਾ ਸ਼ੈਦੂ ਸ਼ਾਹ ਮੇਲੇ ਦੀ ਸ਼ੁਰੂਆਤ

### ਮੇਲੇ ਦੀ ਸ਼ੁਰੂਆਤ ਕੈਂਸਰ, ਹੱਡੀਆਂ, ਕਾਲੇ ਪਲੀਏ, ਲੀਵਰ, ਅੱਖਾਂ, ਦੰਦਾਂ ਅਤੇ ਖੂਨਦਾਨ ਕੈਂਪ ਲਗਾਕੇ ਕੀਤੀ

### ਪਹਿਲੇ ਦਿਨ ਇਲਾਕੇ ਦੇ ਖੇਡ ਪ੍ਰੇਮੀਆਂ ਨੇ ਵਾਲੀਵਾਲ, ਹੈਂਡਬਾਲ, ਬੱਚਿਆਂ ਦੀਆਂ ਦੌੜਾਂ ਦਾ ਆਨੰਦ ਮਾਣਿਆ

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ

ਫ਼ਰੀਦਕੋਟ, 2 ਮਾਰਚ : ਬਾਬਾ ਸ਼ੈਦੂ ਸ਼ਾਹ ਸੱਭਿਆਚਾਰਕ ਅਤੇ ਸਪੋਰਟਸ ਕਲੱਬ ਕੰਮੇਆਣਾ (ਫ਼ਰੀਦਕੋਟ) ਵੱਲੋਂ ਹਰ ਸਾਲ ਦੀ ਤਰ੍ਹਾਂ ਐਨ.ਆਰ.ਆਈ.ਵੀਰਾਂ,ਗ੍ਰਾਮ ਪੰਚਾਇਤ, ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਖੇਡ ਅਤੇ ਸੱਭਿਆਚਾਰਕ ਮੇਲਾ ਰਸਮੀ ਤੌਰ ਸ਼ੁਰੂ ਹੋਇਆ। ਪਹਿਲੇ ਦਿਨ ਮੇਲੇ ’ਚ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਮਨਤਾਰ ਸਿੰਘ ਬਰਾੜ ਸਾਬਕਾ ਸੰਸਦੀ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਕੁਸ਼ਲਦੀਪ ਸਿੰਘ ਢਿੱਲੋਂ, ਹਲਕਾ ਕੋਟਕਪੂਰਾ ਤੋਂ ਕਾਂਗਰਸ ਦੇ ਹਲਕਾ ਇੰਚਾਰਜ਼ ਅਜੈਪਾਲ ਸਿੰਘ ਸੰਧੂ, ਜ਼ਿਲਾ ਪ੍ਰਧਾਨ ਕਾਂਗਰਸ ਕਮੇਟੀ ਫ਼ਰੀਦਕੋਟ ਨਵਦੀਪ ਸਿੰਘ ਬੱਬੂ




ਬਰਾੜ ਨੇ ਮੇਲੇ ’ਚ ਸ਼ਮੂਲੀਅਤ ਕੀਤੀ। ਮੇਲੇ ਦੇ ਮੁੱਖ ਪ੍ਰਬੰਧਕ ਬਿਕਰਮਜੀਤ ਮੱਮੂ ਸ਼ਰਮਾ ਕੈਨੇਡਾ, ਪ੍ਰਧਾਨ ਜਸਪਾਲ ਸਿੰਘ ਸੰਧੂ ਨੇ ਮੇਲੇ ’ਚ ਪਹੁੰਚੀਆਂ ਹਸਤੀਆਂ ਨੂੰ ਜੀ ਆਇਆਂ ਨੂੰ ਆਖਿਆ। ਅੱਜ ਸਵੇਰ ਮੌਕੇ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਕੀਰਤਨੀਏ ਸਿੰਘਾਂ, ਰਾਗੀ, ਢਾਡੀ ਸਿੰਘਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕਾ ਲੰਗਰ ਅਟੁੱਟ ਵਰਤਿਆ। ਇਸ ਮੌਕੇ ਮਾਨਵਤਾ ਭਲਾਈ ਵਾਸਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫ਼ਰੀਦਕੋਟ ਦੇ ਪ੍ਰਿੰਸੀਪਲ ਡਾ.ਸੰਜੈ ਗੁਪਤਾ ਦੀ ਯੋਗ ਅਗਵਾਈ, ਰੋਟਰੀ ਕਲੱਬ ਫ਼ਰੀਦਕੋਟ ਦੇ ਸਹਿਯੋਗ ਨਾਲ ਲਗਾਏ ਕੈਂਸਰ-ਹੱਡੀਆਂ ਦੀ ਜਾਂਚ ਕੈਂਪ, ਸਿਵਲ ਸਰਜਨ ਡਾ.ਮਨਿੰਦਰ ਸਿੰਘ, ਐਸ.ਐਮ.ਓ.ਡਾ.ਚੰਦਰ ਸ਼ੇਖਰ ਦੇ ਸਹਿਯੋਗ ਸਦਕਾ ਕਾਲੇ ਪਲੀਏ ਦੀ ਜਾਂਚ, ਚੰਡੀਗੜ ਅੱਖਾਂ ਦਾ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾ.ਸੰਜੀਵ ਗੋਇਲ ਦੀ ਯੋਗ ਅਗਵਾਈ ਹੇਠ ਅੱਖਾਂ ਦੀ ਜਾਂਚ ਦਾ ਕੈਂਪ, ਡਾ.ਬਿਮਲ ਗਰਗ ਦੀ ਯੋਗ ਅਗਵਾਈ ਸਦਕਾ ਲੀਵਰ ਦੀ ਜਾਂਚ, ਦਸਮੇਸ਼ ਡੈਂਟਲ ਕਾਲਜ ਦੇ ਪ੍ਰਿੰਸੀਪਲ ਡਾ.ਐਸ.ਪੀ.ਐਸ.ਸੋਢੀ ਦੀ ਯੋਗ ਅਗਵਾਈ ਹੇਠ ਦੰਦਾਂ ਦੇ ਚੈੱਕਅੱਪ ਕੈਂਪ ਅਤੇ ਖੂਨਦਾਨ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਦੌਰਾਨ ਇਲਾਕੇ ਦੇ ਲੋੜਵੰਦ ਨਿਵਾਸੀਆਂ ਨੇ ਇਨ੍ਹਾਂ ਕੈਂਪਾਂ ਵੱਡੇ ਪੱਧਰ ਤੇ ਲਾਭ ਲਿਆ। ਪਹਿਲੇ ਦਿਨ ਵਾਲੀਵਾਲ ਸਮੈਸ਼ਿੰਗ ਨਿਰੋਲ ਪਿੰਡ ਵਾਰ ਮੁਕਾਬਲੇ ’ਚ 25 ਟੀਮਾਂ, ਹੈਂਡਬਾਲ ਅੰਡਰ-17 ’ਚ 8 ਟੀਮਾਂ , ਬੱਚਿਆਂ ਦੀ ਦੌੜਾਂ ਅੰਡਰ-12 ਸਾਲ ਲੜਕੇ-ਲੜਕੀਆਂ, ਬੱਚਿਆਂ ਦੀ ਦੌੜਾਂ ਲੜਕੇ-ਲੜਕੀਆਂ 12 ਤੋਂ 16 ਸਾਲ ਉਮਰ ’ਚ ਨੰਨੇ-ਮੁੰਨੇ ਖਿਡਾਰੀ ਪੂਰਨ ਉਤਸ਼ਾਹ ਨਾਲ ਪਹੁੰਚੇ। ਕੈਂਸਰ ਜਾਂਚ ਕੈਂਪ ਦੌਰਾਨ ਰੋਟਰੀ ਕਲੱਬ ਪ੍ਰਧਾਨ ਅਰਵਿੰਦ ਛਾਬੜਾ, ਰੋਟੇਰੀਅਨ ਆਗੂ ਆਰਸ਼ ਸੱਚਰ, ਸਕੱਤਰ ਮਨਪ੍ਰੀਤ ਸਿੰਘ ਬਰਾੜ, ਦਵਿੰਦਰ ਸਿੰਘ ਪੰਜਾਬ ਮੋਟਰਜ਼, ਗਗਨਦੀਪ ਸਿੰਗਲਾ, ਕੇ.ਪੀ.ਸਿੰਘ ਸਰਾਂ ਨੇ ਦੱਸਿਆ ਕਿ 41 ਵਿਅਕਤੀਆ ਦੀ ਜਾਂਚ ਕੀਤੀ ਗਈ ਹੈ। ਇਸ ਮੌਕੇ ਡਾ.ਉਰਵਸ਼ੀ ਸਹਾਇਕ ਪ੍ਰੋਫ਼ੈਸਰ ਕਮਿਊਨਟੀ ਮੈਡੀਸਨ, ਡਾ.ਇਸ਼ਾਨ ਅਰੋੜਾ, ਡਾ.ਜੈਸੀਕਾ ਅਨੇਜਾ, ਡਾ.ਜਸਪ੍ਰੀਤ ਕੌਰ, ਡਾ.ਸ਼ਿਫ਼ਾ ਸਾਰੀਨ, ਡਾ.ਨਵਜੋਤ ਸਿੰਘ, ਡਾ.ਅੰਕਮਿਤਾ ਬਰੋਡੋਲਏ, ਡਾ.ਸੋਨਮ ਗਰਗ, ਡਾ.ਰੋਹਿਤ, ਡਾ.ਸ਼ੀਮਰਤ ਬਿੰਦਲ, ਡਾ.ਰਾਧਿਮਾ, ਡਾ.ਰਣਜੀਤ, ਹਰਭਿੰਦਰ ਕੌਰ ਏ.ਐਨ.ਐਮ, ਲਖਵੀਰ ਸਿੰਘ ਡਰਾਈਵਰ ਅਤੇ ਜਸਕਰਨ ਸਿੰਘ ਹੈਲਪਰ ਨੇ ਸੇਵਾਵਾਂ ਦਿੱਤੀਆਂ।

ਮੇਲੇ ਦੇ ਪ੍ਰਬੰਧਕਾਂ ਬਿਕਰਮਜੀਤ ਮੱਮੂ ਸ਼ਰਮਾ, ਪ੍ਰਧਾਨ ਜਸਪਾਲ ਸਿੰਘ ਰਾਜਾ ਨੇ ਦੱਸਿਆ ਕਿ ਮੇਲੇ ਦੇ ਦੂਜੇ ਦਿਨ 3 ਮਾਰਚ ਨੂੰ ਕਬੱਡੀ 65 ਕਿਲੋਗ੍ਰਾਮ ਭਾਰ ਵਰਗ ਦੇ ਮੁਕਾਬਲੇ ਕਰਵਾਏ ਜਾਣਗੇ। ਦੋ ਖਿਡਾਰੀ ਬਾਹਰ ਤੋਂ ਖਿਡਾਉਣ ਦੀ ਆਗਿਆ ਹੋਵੇਗੀ। ਇਸ ਮੁਕਾਬਲੇ ’ਚ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ 15,000 ਅਤੇ 10,000 ਦੇ ਨਗਦ ਇਨਾਮ ਦਿੱਤੇ ਜਾਣਗੇ। ਇਸ ਤਰ੍ਹਾਂ ਓਪਨ ਕਬੱਡੀ ’ਚ ਵੀ 2 ਖਿਡਾਰੀ ਬਾਹਰੋਂ ਖਿਡਾਉਣ ਦੀ ਆਗਿਆ ਹੋਵੇਗੀ। ਓਪਨ ਦੀਆਂ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ 71,000 ਅਤੇ 51,000 ਦੇ ਇਨਾਮ ਦਿੱਤੇ ਜਾਣਗੇ। ਬੈਸਟ ਰੇਡਰ ਅਤੇ ਜਾਫ਼ੀ ਨੂੰ 11-11 ਹਜ਼ਾਰ ਰੁਪਏ ਦੇ ਨਗਦ ਇਨਾਮ ਦਿੱਤੇ ਜਾਣਗੇ। ਅੱਜ ਕਰਵਾਏ ਗਏ ਧਾਰਮਿਕ ਸਮਾਗਮ, ਮਾਨਵਤਾ ਭਲਾਈ ਕੈਂਪਾਂ, ਖੇਡਾਂ ਦੀ ਸਫ਼ਲਤਾ ਲਈ ਲੋਕ ਗਾਇਕ ਹਰਿੰਦਰ ਸੰਧੂ, ਸਰਬਜੀਤ ਸਿੰਘ ਸੰਧੂ, ਕਮਲਜੀਤ ਸ਼ਰਮਾ, ਦੇਬਾ ਸੰਧੂ, ਬਿੰਦਾ ਰੋਮਾਣਾ, ਗੁਰਚਰਨ ਸਿੰਘ ਪੰਚਾਇਤ ਮੈਂਬਰ, ਨਰਿੰਦਰਪਾਲ ਕੌਰ,ਮੇਜਰ ਸਿੰਘ ਸੰਧੂ, ਕੁਲਵੀਰ ਸਿੰਘ ਗੱਗੀ, ਪਰਮਜੀਤ ਸਿੰਘ ਗਿੱਲ, ਮੱਖਣ ਨੰਬਰਦਾਰ ਆਸਟ੍ਰੇਲੀਆ ਗੋਲਡੀ ਆਸਟ੍ਰੇਲੀਆ,ਭਗਵੰਤ ਆਸਟ੍ਰੇਲੀਆ,ਛਿੰਦਰ ਸਿੰਘ ਗਿੱਲ, ਮੰਚ ਸੰਚਾਲਕ ਜਸਬੀਰ ਸਿੰਘ ਜੱਸੀ,ਗਗਨਦੀਪ ਸੰਧੂ,ਜਸਪ੍ਰੀਤ ਸਿੰਘ,ਨਛੱਤਰ ਸਿੰਘ ਸੰਧੂ,ਦਿਲਪ੍ਰੀਤ ਕਿੰਗਰਾ, ਸਰਬੀ ਸੰਧੂ,ਸਰਬਜੀਤ ਸ਼ਰਮਾ,ਗੁਰਦੀਪ ਸਿੰਘ ਸੰਧੂ,ਰਾਮਾ ਸਿੰਘ ਸੰਧੂ,ਵੀਰਕਰਨ ਸਿੰਘ ਸੰਧੂ, ਅਮਰੀਕ ਸਿੰਘ ਗਿੱਲ, ਸੌਨੀ ਜੌਹਲ, ਗੋਪੀ ਕਿੰਗਰਾ,ਨਵਰਤਨ ਸਿੰਘ, ਮੰਗਾ ਗਿੱਲ, ਹਰਜੀਤ ਸਿੰਘ ਸੰਧੂ, ਗੁਰਭੇਜ ਗਿੱਲ, ਰਾਜਵੀਰ ਸਿੰਘ ਸੰਧੂ, ਦਿਲਪ੍ਰੀਤ ਗਿੱਲ, ਸੇਵਕ ਸੰਧੂ, ਕਾਲਾ ਨੰਬਰਦਾਰ, ਹਰਪਾਲ ਸਿੰਘ ਬਾਲੀ, ਬੋਹੜ ਸਿੰਘ ਠੇਕੇਦਾਰ, ਸੁਖਪਾਲ ਸਿੰਘ ਸੰਧੂ, ਬਚੀ ਕੰਮੇਆਣਾ ਮੈਂਬਰਾਂ ਨੇ ਅਹਿਮ ਭੂਮਿਕਾ ਅਦਾ ਕੀਤੀ।

# ਸਾਨੂੰ ਧਰਮ ਅਸਥਾਨਾਂ ਉੱਤੇ ਕਿਉਂ ਜਾਣਾ ਚਾਹੀਦਾ ਹੈ?

ਵਰਲਡ ਪੰਜਾਬੀ ਟਾਈਮਜ਼
ਠਾਕੁਰ ਦਲੀਪ ਸਿੰਘ

ਕਿਉਂਕਿ, ਧਰਮ ਅਸਥਾਨਾਂ ਤੋਂ ਸਾਨੂੰ ਸੁਖੀ ਜੀਵਨ ਜਿਉਣ ਦੀ ਸਿੱਖਿਆ ਮਿਲਦੀ ਹੈ। ਹਰੇਕ ਧਾਰਮਿਕ ਅਸਥਾਨ: ਮਨੁੱਖ ਨੂੰ ਸ਼ੁਭ ਸਿੱਖਿਆ ਦੇਣ ਅਤੇ ਸਮਾਜ ਨੂੰ ਸੁਖੀ ਚਲਾਉਣ ਲਈ ਹੀ ਹੁੰਦੇ ਹਨ। ਜੇਕਰ ਧਰਮ ਅਸਥਾਨਾਂ ਉੱਤੇ ਅਜਿਹੇ ਸ਼ੁਭ ਕਾਰਜ ਨਹੀਂ ਹੁੰਦੇ, ਤਾਂ ਉਹ ਧਰਮ ਅਸਥਾਨਾਂ ਦੇ ਪ੍ਰਬੰਧਕਾਂ ਦੀ ਤਰੁੱਟੀ ਹੈ।

ਹਰ ਮਨੁੱਖ ਸੁਖੀ ਜੀਵਨ ਜਿਉਣਾ ਚਾਹੁੰਦਾ ਹੈ "ਨਿਤ ਨਿਤ ਖੁਸੀਆ ਮਨੁ ਕਰੇ ਨਿਤ ਨਿਤ ਮੰਗੈ ਸੁਖ ਜੀਉ" (ਮ: ੧)। ਮਨ ਅਤੇ ਤਨ ਨੂੰ ਸੁਖ ਪ੍ਰਦਾਨ ਕਰਨ ਦੇ ਮੁੱਖ ਸਰੋਤ: ਧਰਮ ਅਸਥਾਨ ਹੀ ਹਨ। ਇਸ ਲਈ, ਸੁਖ ਪ੍ਰਾਪਤੀ ਲਈ, ਹਰ ਮਨੁੱਖ ਨੂੰ ਧਰਮ ਅਸਥਾਨਾਂ ਉੱਤੇ ਜ਼ਰੂਰ ਜਾਣਾ ਚਾਹੀਦਾ ਹੈ। ਅਤੇ, ਸਾਰੇ ਧਰਮ ਅਸਥਾਨਾਂ ਨੂੰ ਵੀ, ਲੋਕਾਂ ਨੂੰ ਪਵਿੱਤਰ ਹਿਤਕਾਰੀ ਉਪਦੇਸ਼ ਅਤੇ ਸੁਖ-ਸਹੂਲਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।

ਧਰਮ ਦਾ ਅਰਥ: ਕੇਵਲ ਭਗਤੀ ਕਰਨਾ, ਕਰਵਾਉਣਾ ਹੀ ਨਹੀਂ ਹੈ। ਧਰਮ ਦਾ ਅਰਥ ਹੈ: ਉਹ ਪਵਿੱਤਰ ਨਿਯਮ, ਜਿਨ੍ਹਾਂ ਦੀ ਪਾਲਣਾ ਕਰਕੇ ਮਨੁੱਖ ਦਾ ਨਿੱਜੀ, ਪਰਿਵਾਰਕ ਅਤੇ ਸਮਾਜਿਕ ਜੀਵਨ ਸੁਖੀ ਚੱਲੇ। ਸੰਸਕ੍ਰਿਤ ਦਾ ਸ਼ਲੋਕ ਹੈ:

धृतिः क्षमा दमोऽस्तेय शौच मिन्द्रिय निग्रहः।

धीर्विद्या सत्यमक्रोधो दशकं धर्म लक्षणम् ॥

ਅਰਥਾਤ: ਸਤਯ, ਧੀਰਯ, ਖਿਮਾ, ਮਨ ਨੂੰ ਵੱਸ ਵਿੱਚ ਕਰਨਾ, ਕ੍ਰੋਧ ਦਾ ਤਿਆਗ, ਚੋਰੀ ਦਾ ਤਿਆਗ, ਇੰਦਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਪਵਿੱਤਰਤਾ, ਨਿਰਮਲ ਬੁੱਧੀ, ਵਿੱਦਿਆ ਦਾ ਅਭਿਆਸ: ਇਹ ਦਸ ਅੰਗ ਰੂਪ ਧਰਮ ਹਨ। ਇਨ੍ਹਾਂ ਪਵਿੱਤਰ ਨਿਯਮਾਂ ਦੀ ਸਿੱਖਿਆ ਸਾਨੂੰ ਸੱਚੇ ਧਰਮ ਅਸਥਾਨਾਂ ਤੋਂ ਮਿਲਦੀ ਹੈ। ਇਸ ਲਈ, ਸਾਨੂੰ ਧਰਮ ਅਸਥਾਨਾਂ ਉੱਤੇ ਜਾ ਕੇ, ਉੱਥੋਂ ਆਪਣਾ ਨਿੱਜੀ ਅਤੇ ਸਮਾਜਿਕ ਜੀਵਨ ਚੰਗੇ ਢੰਗ ਨਾਲ ਚਲਾਉਣ ਦੇ ਗੁਣ ਗ੍ਰਹਿਣ ਕਰਨੇ ਚਾਹੀਦੇ ਹਨ।

ਧਰਮ ਅਸਥਾਨਾਂ ਤੋਂ ਹੇਠ ਲਿਖੇ ਵਿਸ਼ਿਆਂ ਸੰਬੰਧੀ ਸਿੱਖਿਆ ਅਤੇ ਸਹੂਲਤਾਂ ਜਰੂਰ ਮਿਲਣੀਆਂ ਚਾਹੀਦੀਆਂ ਹਨ, ਤਾਂ ਹੀ ਉਹ 'ਸੱਚੇ ਧਰਮ ਅਸਥਾਨ' ਹਨ:-

1. ਸਪੱਸ਼ਟ ਰੂਪ ਵਿੱਚ, ਮਿੱਠੇ ਸ਼ਬਦਾਂ ਵਿੱਚ, ਮਨੋ-ਭਾਵਨਾਵਾਂ ਨੂੰ ਪ੍ਰਗਟ ਕਰਦੇ ਹੋਏ, ਵਧੀਆ ਢੰਗ ਨਾਲ, ਆਪਸੀ ਗੱਲਬਾਤ ਕਰਨ ਦੀ ਕਲਾ।

2. ਇੰਦਰੀਆਂ ਨੂੰ ਕਾਬੂ ਵਿਚ ਰੱਖ ਕੇ, ਬੁਰੇ ਕਰਮਾਂ ਤੋਂ ਬਚਣ ਦੀ ਕਲਾ।

3. ਪਰਿਵਾਰ ਵਿੱਚ ਕਲੇਸ਼ ਤੋਂ ਬਚਣ ਦੀ ਕਲਾ।

4. ਕਿਸੇ ਕਾਰਨ ਪੈਦਾ ਹੋਏ ਕਲੇਸ਼ ਨੂੰ ਖਤਮ ਕਰਨ ਦੀ ਕਲਾ।

5. ਪ੍ਰੇਮ ਪੂਰਵਕ ਅਤੇ ਪ੍ਰਸੰਨਤਾ ਪੂਰਵਕ ਆਪਸ ਵਿੱਚ ਮਿਲ ਕੇ ਰਹਿਣ ਦੀ ਕਲਾ।

6. ਸਰੀਰ ਨੂੰ ਅਰੋਗ ਅਤੇ ਸਵਸਥ ਰੱਖਣ ਦੀ ਕਲਾ।

7. ਧਿਆਨ/ਸਮਾਧੀ ਲਗਾਉਣ ਦੀ ਕਲਾ।

8. ਘੱਟ ਪੈਸੇ ਨਾਲ ਚੰਗੀ ਕਮਾਈ ਕਰਨ ਦੀ ਕਲਾ।

9. ਮਾਇਕ ਤੌਰ ਉੱਤੇ ਆਤਮ-ਨਿਰਭਰ ਹੋਣ ਦੀ ਕਲਾ।

10. ਕਸਰਤ ਦੀ ਸਿਖਲਾਈ ਅਤੇ ਸਾਧਨਾਂ ਦੀ ਸਹੂਲਤ।

11. ਨਿਰਧਨਾਂ ਲਈ ਮੁਫਤ ਵਿੱਦਿਆ ਕੇਂਦਰਾਂ ਦੀ ਸਹੂਲਤ।

12. ਨਿਰਧਨ ਮਰੀਜ਼ਾਂ ਲਈ ਲਘੂ ਔਸ਼ਧਾਲਿਆ (ਡਿਸਪੈਂਸਰੀ) ਦੀ ਸਹੂਲਤ.. ਆਦਿ ਸਮਾਜ ਨੂੰ ਉੱਨਤ ਕਰਨ ਵਾਲੀਆਂ, ਹਰ ਤਰ੍ਹਾਂ ਦੀਆਂ ਸਿੱਖਿਆਵਾਂ ਅਤੇ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

ਧਰਮ ਅਸਥਾਨ ਸਮਾਜ ਲਈ ਹਨ। ਧਰਮ ਅਸਥਾਨਾਂ ਵਿੱਚ ਸਮਾਜ ਦੀ ਤਰੱਕੀ ਲਈ ਹਰ ਤਰ੍ਹਾਂ ਦੇ ਸਾਧਨ ਹੋਣੇ ਚਾਹੀਦੇ ਹਨ। ਪੁਰਾਣੇ ਸਮਿਆਂ ਵਿੱਚ, ਸਮਾਜ ਨੂੰ ਅਜਿਹੀ ਸ਼ੁਭ ਸਿੱਖਿਆਵਾਂ ਅਤੇ ਸਾਰੀਆਂ ਸੁਖ ਸਹੂਲਤਾਂ ਧਰਮ ਅਸਥਾਨਾਂ ਤੋਂ ਹੀ ਮਿਲਦੀਆਂ ਸਨ। ਇਸ ਕਾਰਨ, ਅੱਜ ਵੀ ਸ਼ੁਭ ਸਿੱਖਿਆ ਅਤੇ ਸਮਾਜਿਕ ਸਹੂਲਤਾਂ ਦੇ ਸਾਧਨ; ਹਰ ਧਰਮ ਅਸਥਾਨ ਤੋਂ ਜਰੂਰ ਹੀ ਮਿਲਣੇ ਚਾਹੀਦੇ ਹਨ। ਧਰਮ ਅਸਥਾਨਾਂ ਉੱਤੇ ਸਮਾਜਿਕ ਸੁਵਿਧਾਵਾਂ ਮੁਹੱਈਆ ਕਰਵਾ ਕੇ, ਲੋਕਾਂ ਨੂੰ ਰੋਜ਼ਾਨਾ ਉੱਥੇ ਜਾਣਾ ਚਾਹੀਦਾ ਹੈ। ਧਰਮ ਅਸਥਾਨ ਪੂਰੀ ਤਰ੍ਹਾਂ ਸਾਫ਼ ਵੀ ਹੋਣੇ ਚਾਹੀਦੇ ਹਨ।

ਜੇਕਰ ਧਰਮ ਅਸਥਾਨਾਂ ਤੋਂ: ਮਨੁੱਖ ਅਤੇ ਸਮਾਜ ਨੂੰ ਆਪਣੇ ਨਿੱਜੀ ਜੀਵਨ ਅਤੇ ਸਮਾਜਿਕ ਜੀਵਨ ਨੂੰ ਸੁਖੀ ਕਰਨ ਲਈ ਸਿੱਖਿਆ ਅਤੇ ਸਹੂਲਤਾਂ ਨਹੀਂ ਮਿਲਦੀਆਂ; ਤਾਂ ਉਥੋਂ ਦੇ ਪ੍ਰਬੰਧਕਾਂ ਨੂੰ ਬੇਨਤੀ ਕਰ ਕੇ, ਉੱਥੇ ਅਜਿਹੀ ਸਿੱਖਿਆ ਅਤੇ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਹ ਅਸਾਡੀ ਜ਼ਿੰਮੇਵਾਰੀ ਵੀ ਬਣ ਜਾਂਦੀ ਹੈ। ਕਿਉਂਕਿ, ਧਰਮ ਅਸਥਾਨ ਅਸਾਡੇ ਹਨ, ਉਹ ਅਸਾਡੇ ਪੈਸੇ ਨਾਲ ਹੀ ਬਣੇ ਹਨ।

# ਪੰਜਾਬੀ ਸਾਹਿਤ ਅਕਾਡਮੀ ਦੀ ਚੋਣ

ਵਰਲਡ ਪੰਜਾਬੀ ਟਾਈਮਜ਼
ਲਖਵਿੰਦਰ ਸਿੰਘ ਜੌਹਲ

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਤਿੰਨ ਮਾਰਚ ਨੂੰ ਹੋ ਰਹੀ ਚੋਣ, ਸਿਰਫ਼ ਅਹੁਦਿਆਂ ਦਾ ਯੁੱਧ ਨਹੀਂ ਹੈ, ਇਹ ਪੰਜਾਬੀ ਭਾਸ਼ਾ,ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਅਤੇ ਭਵਿੱਖ ਦਾ ਮਸਲਾ ਵੀ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਵਲੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਪੜ੍ਹਾਈ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚੋਂ ਬੰਦ ਕਰਨ ਜਾਂ ਘਟਾਉਣ ਦੀ ਲੜਾਈ ਵੀ ਇਸੇ ਨਾਲ ਹੀ ਜੁੜੀ ਹੋਈ ਹੈ।
ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਦੀ ਹੈਸੀਅਤ ਵਿਚ ਪਿਛਲੇ ਸਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਨੀਤੀਆਂ ਵਿਰੁੱਧ ਲੜੀ ਗਈ ਲੜਾਈ ਸਮੇਂ, ਪੰਜਾਬੀ ਭਾਸ਼ਾ ਨੂੰ ਪਿੱਠ ਦਿਖਾਉਣ ਵਾਲੇ ਬਹੁਤੇ ਕਿਰਦਾਰ ਚਿਹਰੇ ਬਦਲ ਬਦਲ ਕੇ ਇਨ੍ਹਾਂ ਚੋਣਾਂ ਵਿਚ ਮੇਰੇ ਵਿਰੁੱਧ ਕੁੱਦ ਚੁੱਕੇ ਹਨ। ਅਕਾਦਮਿਕ ਕੌਂਸਲ ਦੀ 7 ਜੁਲਾਈ, 2023 ਨੂੰ ਹੋਈ ਮੀਟਿੰਗ ਵਿਚੋਂ ਆਪਣੇ ਰੁਝੇਵੇਂ ਦਾ ਬਹਾਨਾ ਬਣਾ ਕੇ ਗ਼ੈਰ-ਹਾਜ਼ਰ ਰਹਿਣ ਵਾਲੇ',ਮੀਟਿੰਗ ਵਿਚ ਹਾਜ਼ਰ ਰਹਿ ਕੇ ਵੀ ਵਾਈਸ ਚਾਂਸਲਰ ਦੇ ਹੱਕ ਵਿਚ ਲਗਾਤਾਰ ਭੁਗਤਣ ਵਾਲੇ, ਅਤੇ ਯੂਨੀਵਰਸਿਟੀ ਦੇ ਉਸ ਪੰਜਾਬੀ ਵਿਰੋਧੀ ਫ਼ੈਸਲੇ ਉੱਤੇ ਦਸਤਖ਼ਤ ਕਰਨ ਵਾਲੇ ਇਸ ਵੇਲੇ ਇਕੱਠੇ ਦਿਸ ਰਹੇ ਹਨ।
ਇਹ ਸਾਰੇ ਤੱਥ ਦਰਸਾਉਂਦੇ ਹਨ ਕਿ ਨਵੇਂ ਸਮਿਸਟਰ ਤੋਂ ਲਾਗੂ ਹੋਣ ਵਾਲੇ ਉਹ ਫ਼ੈਸਲੇ, ਫੇਰ ਖ਼ਤਰੇ ਵਿਚ ਹਨ, ਜਿਨ੍ਹਾਂ ਨੂੰ ਕਰਵਾਉਣ ਲਈ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਪਿਛਲੀ ਟੀਮ ਨੇ ਡਾ. ਲਖਵਿੰਦਰ ਸਿੰਘ ਜੌਹਲ ਦੀ ਅਗਵਾਈ ਵਿਚ ਵੱਡੀ ਭੂਮਿਕਾ ਨਿਭਾਈ ਸੀ ਅਤੇ ਯੂਨਿਵਰਸਿਟੀ ਨੂੰ ਫੈਸਲੈ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ।
ਹੁਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਦਰ ਦੀ ਖ਼ਬਰ ਇਹ ਹੈ ਕਿ ਜੁਲਾਈ ਵਿਚ ਸ਼ੁਰੂ ਹੋਣ ਵਾਲੀਆਂ ਨਵੀਆਂ ਕਲਾਸਾਂ ਲਈ, ਉਦੋਂ ਹੋਏ ਫ਼ੈਸਲਿਆਂ ਅਨੁਸਾਰ ਪਾਠਕ੍ਰਮ ਨਹੀਂ ਬਣਾਏ ਜਾ ਰਹੇ। ਕਾਲਜਾਂ ਵਿਚ ਅਤੇ ਯੂਨੀਵਰਸਿਟੀ ਦੇ ਵਿਭਾਗਾਂ ਵਿਚ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕ ਭਰਤੀ ਨਹੀਂ ਕੀਤੇ ਜਾ ਰਹੇ। ਪਹਿਲਾਂ ਭਰਤੀ ਹੋਏ ਅਧਿਆਪਕਾਂ ਦੇ ਪੀਰੀਅਡ ਘਟਾਏ ਜਾ ਰਹੇ ਹਨ।
ਸਾਰੀਆਂ ਯੂਨੀਵਰਸਿਟੀਆਂ ਦੇ ਪਾਠਕ੍ਰਮਾਂ ਨੂੰ ਇਕੋ ਜਿਹੇ ਕਰਨ ਲਈ ਮੀਟਿੰਗਾਂ ਸ਼ੁਰੂ ਹੋ ਚੁੱਕੀਆਂ ਹਨ। ਅਜਿਹੀ ਸਥਿਤੀ ਵਿਚ ਸਾਰੇ ਪੰਜਾਬੀ ਪਿਆਰਿਆਂ ਨੂੰ ਇਕਜੁੱਟ ਹੋ ਕੇ ਚੋਣ ਮੈਦਾਨ ਵਿਚ ਉਤਰੇ ਕਿਰਦਾਰਾਂ ਦੀ ਪਛਾਣ ਕਰਕੇ ਹੀ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ।
ਮੈਂ 'ਨਵਾਂ ਜ਼ਮਾਨਾ' ਅਤੇ 'ਅਜੀਤ' ਦੇ ਮੈਗਜ਼ੀਨ ਸੰਪਾਦਕ ਵਜੋਂ, ਦੂਰਦਰਸ਼ਨ ਦੇ ਪ੍ਰੋਗਰਾਮ ਐਗਜ਼ੈਕਟਿਵ ਵਜੋਂ, ਕਲਾ ਪਰਿਸ਼ਦ ਦੇ ਸਕੱਤਰ ਵਜੋਂ ਅਤੇ ਪੰਜਾਬ ਸਾਹਿਤ ਅਕਾਡਮੀ ਦੇ ਪ੍ਰਧਾਨ ਵਜੋਂ ਵੱਖ-ਵੱਖ ਅਹੁਦਿਆਂ ਉੱਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਸ਼ਾਨਦਾਰ ਸੇਵਾਵਾਂ ਨਿਭਾਈਆਂ ਹਨ। ਮੈਂ ਕਵਿਤਾ, ਵਾਰਤਕ, ਆਲੋਚਨਾ ਅਤੇ ਅਨੁਵਾਦ ਦੀਆਂ 12 ਪੁਸਤਕਾਂ ਦਾ ਲੇਖਕ ਹਾਂ।
ਮੈਂ ਜੋ ਕੁਝ ਦੋ ਸਾਲਾਂ ਦੌਰਾਨ ਆਪਣੀ ਟੀਮ ਨਾਲ ਮਿਲ ਕੇ ਕੀਤਾ ਹੈ, ਉਸ ਦਾ ਵੇਰਵਾ ਅਕਾਡਮੀ ਦੀ ਮੈਂਬਰਸ਼ਿਪ ਸੂਚੀ ਵਿੱਚ ਹਰਫ਼ ਹਰਫ਼ ਲਿਖ ਦਿੱਤਾ ਹੈ।
ਅਗਲਾ ਮਨੋਰਥ ਪੱਤਰ ਵੀ ਲੋਕ ਅਰਪਣ ਕਰ ਦਿੱਤਾ ਹੈ।
ਸਨਿਮਰ ਬੇਨਤੀ ਹੈ ਕਿ ਮੇਰੇ ਕਾਰਜਾਂ, ਮੇਰੀ ਪ੍ਰਬੰਧਕੀ ਕਾਰਜ ਵਿਧੀ ਅਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੀਆਂ ਪਿਛਲੇ ਦੋ ਸਾਲਾਂ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਵਾਚ ਕੇ ਮੈਨੂੰ ਅਤੇ ਮੇਰੀ ਸਹਿਯੋਗੀ ਸਮੁੱਚੀ ਟੀਮ ਨੂੰ ਸਹਿਯੋਗ ਅਤੇ ਆਸ਼ੀਰਵਾਦ ਦਿਓ ਤਾਂ ਕਿ ਅਕਾਡਮੀ ਦੇ ਸਾਹਿਤਕ ਅਤੇ ਅਕਾਦਮਿਕ ਸਰੂਪ ਨੂੰ ਬਰਕਰਾਰ ਰੱਖਿਆ ਜਾ ਸਕੇ ਅਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਜਾ ਸਕੇ।

ਸਾਡਾ ਸਰਬ ਸਾਂਝਾ ਪੈਨਲ ਇਹ ਹੈ।

ਪ੍ਰਧਾਨ : ਲਖਵਿੰਦਰ ਸਿੰਘ ਜੌਹਲ (ਡਾ.)
ਸੀ.ਮੀਤ ਪ੍ਰਧਾਨ : ਡਾ. ਸ਼ਿੰਦਰਪਾਲ ਸਿੰਘ
ਜਨਰਲ ਸਕੱਤਰ : ਡਾ. ਗੁਰਇਕਬਾਲ ਸਿੰਘ
ਮੀਤ ਪ੍ਰਧਾਨ : ਤ੍ਰੈਲੋਚਨ ਲੋਚੀ, ਗੁਰਚਰਨ ਕੌਰ ਕੋਚਰ, ਭਗਵੰਤ ਸਿੰਘ, ਮਦਨ ਵੀਰਾ, ਡਾਕਟਰ ਇਕਬਾਲ ਸਿੰਘ ਗੋਦਾਰਾ (ਪੰਜਾਬੋਂ ਬਾਹਰ)
ਪ੍ਰਬੰਧਕੀ ਬੋਰਡ : ਗੁਰਵਿੰਦਰ ਸਿੰਘ ਅਮਨ, ਦੀਪ ਜਗਦੀਪ ਸਿੰਘ, ਸਹਿਜਪ੍ਰੀਤ ਸਿੰਘ ਮਾਂਗਟ, ਪ੍ਰੋਫ਼ੈਸਰ ਸਰਘੀ, ਹਰਦੀਪ ਢਿੱਲੋਂ, ਰੋਜ਼ੀ ਸਿੰਘ, ਹਰਵਿੰਦਰ ਚੰਡੀਗੜ੍ਹ, ਜਗਦੀਸ਼ ਰਾਏ ਕੁੱਲਰੀਆਂ , ਬਲਜੀਤ ਪਰਮਾਰ (ਬਾਕੀ ਭਾਰਤ), ਨਾਇਬ ਸਿੰਘ ਮੰਡੇਰ (ਪੰਜਾਬੋਂ ਬਾਹਰ), ਕੰਵਲਜੀਤ ਸਿੰਘ ਕੁਟੀ, ਕਰਮਜੀਤ ਗਰੇਵਾਲ, ਬਲਬੀਰ ਜਲਾਲਾਬਾਦੀ, ਡਾ. ਨਰੇਸ਼ ਕੁਮਾਰ ਅਤੇ ਪਰਮਜੀਤ ਕੌਰ ਮਹਿਕ।

# "ਮੇਰਾ ਕੀ ਕਸੂਰ"

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ

29/12/2023 ਨੂੰ ਜਦੋਂ ਜਸਵੰਤ ਧਾਪ ਜੀ ਨੇ ਆਪਣੀ ਇਹ ਕਿਤਾਬ ਮੈਨੂੰ ਭੇਂਟ ਕੀਤੀ ਤਾਂ ਮੈਂ ਕਿਤਾਬ ਦਾ ਸਿਰਲੇਖ ਪੜ੍ਹਦਿਆਂ ਹੀ ਸਵਾਲ ਕੀਤਾ ਕਿ ਤੁਸੀਂ ਕਿਤਾਬ ਦਾ ਨਾਮ "ਮੇਰਾ ਕੀ ਕਸੂਰ" ਹੀ ਕਿਉਂ ਰੱਖਿਆ? ਕੀ ਇਸ ਵਿੱਚ ਕੋਈ ਇਸ ਤਰਾਂ ਦੀ ਗਾਥਾ ਹੈ ਜਿਸ ਰਾਹੀਂ ਤੁਸੀਂ ਦੱਸਣਾ ਚਾਹੁੰਦੇ ਹੋ ਕਿ ਤੁਹਾਡਾ ਕੋਈ ਕਸੂਰ ਨਹੀਂ ਸੀ? ਤਾਂ ਜਸਵੰਤ ਧਾਪ ਜੀ ਨੇ ਆਪਣੇ ਸੁਭਾਅ ਮੁਤਾਬਕ ਇੱਕ ਸੈਕੰਡ ਸੋਚ ਕੇ ਅਤੇ ਮੁਸਕਰਾ ਕੇ ਕਿਹਾ, "ਰਸ਼ਪਿੰਦਰ ਜੀ ਕਈ ਵਾਰ ਜ਼ਿੰਦਗੀ ਵਿੱਚ ਇਸ ਤਰਾਂ ਦੇ ਵਾਕਿਆਤ ਹੋ ਜਾਂਦੇ ਹਨ, ਜੋ ਸਾਨੂੰ ਪਤਾ ਹੀ ਨਹੀਂ ਹੁੰਦੇ, ਪਰ ਉਨ੍ਹਾਂ ਦਾ ਦੋਸ਼ ਸਾਡੇ ਉੱਪਰ ਲੱਗ ਜਾਂਦਾ ਹੈ। ਫਿਰ ਸਾਡੇ ਦਿਲ ਵਿੱਚ ਹਮੇਸ਼ਾਂ ਇਹ ਚੀਸ ਰਹਿ ਜਾਂਦੀ ਹੈ ਕਿ "ਮੇਰਾ ਕੀ ਕਸੂਰ"?




ਇਹ ਕਿਤਾਬ ਕੋਈ ਗਾਥਾ ਜਾਂ ਕਹਾਣੀ ਦੀ ਕਿਤਾਬ ਨਹੀਂ ਬਲਕਿ ਗ਼ਜ਼ਲਾਂ ਦਾ ਅਤੇ ਕਵਿਤਾਵਾਂ ਦਾ ਸੰਗ੍ਰਿਹ ਹੈ। ਇਹ ਕਿਤਾਬ ਜਸਵੰਤ ਧਾਪ ਜੀ ਦੀ ਚੌਥੀ ਕਿਤਾਬ ਹੈ। ਡਾ: ਜਸਪਾਲ ਸਿੰਘ ਜੀ ਸਾਬਕਾ ਡਿਪਟੀ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਨੇ ਇਸ ਕਿਤਾਬ ਦੀ ਭੂਮਿਕਾ ਲਿਖੀ ਹੈ। ਜਸਵੰਤ ਧਾਪ ਜੀ ਦੇ ਸ਼ਬਦ ਆਪਣੇ ਵੱਲੋਂ ਕਿਤਾਬ ਵਿਚਲੇ ਉੱਨਾਂ ਦੇ ਅਹਿਸਾਸਾਂ ਨੂੰ ਬਿਆਨ ਕਰ ਰਹੇ ਹਨ।

ਜਸਵੰਤ ਧਾਪ ਜੀ ਨੂੰ ਮੈਂ ਉੱਨਾਂ ਦੀ ਮਿੱਠੀ ਅਵਾਜ਼ ਵਿੱਚ ਤਰਨੁੰਮ ਵਿੱਚ ਗਾਉਂਦਿਆਂ ਕਈ ਵਾਰ ਸੁਣਿਆ ਹੈ। ਇਸ ਕਿਤਾਬ ਵਿੱਚ ਵੀ ਉਨ੍ਹਾਂ ਦੀਆਂ ਗ਼ਜ਼ਲਾਂ ਬਾ-ਕਮਾਲ ਹਨ। ਜ਼ਿੰਦਗੀ ਦੇ ਝਮੇਲਿਆਂ ਵਿੱਚੋਂ ਨਿਕਲਦੀ ਦੁਨੀਆ ਨੂੰ ਲਫ਼ਜਾਂ ਦੀ ਲੜੀ ਵਿੱਚ ਪਿਰੋਣਾ ਜਸਵੰਤ ਧਾਪ ਜੀ ਨੂੰ ਬਾਖੂਬੀ ਆਉਂਦਾ ਹੈ। ਇੱਕ ਸ਼ਾਇਰ ਦੋਸਤੀ ਨੂੰ ਕਿਸ ਨਜ਼ਰੀਏ ਨਾਲ ਦੇਖਦਾ ਹੈ, ਹਤਾਸ਼ ਹੋਇਆ ਪੁਨਰ ਜਨਮ ਦੀ ਵੀ ਕਾਮਨਾ ਕਰਦਾ ਹੈ, ਸੁਫ਼ਨੇ ਦੇਖਦਾ ਹੋਇਆ ਬਚਪਨ ਦੀਆਂ ਗੱਲਾਂ ਕਰਦਾ ਹੈ, ਇੱਕ ਕੁੜੀ ਤੇ ਸੋਹਣੀ ਵਹੁੱਟੀ ਨੂੰ ਕੁਦਰਤ ਦਾ ਇੱਕ ਜਜ਼ਬਾ ਮੰਨਦਾ ਹੈ, ਪੁਰਾਣੇ ਵਕਤ ਦੀ ਗੱਲ ਕਰਦਾ ਹੋਇਆ, ਕੁਝ ਪੀੜਾਂ ਦਰਸਾਉਂਦਾ ਹੋਇਆ, ਅੱਜ ਦੇ ਦੌਰ ਵਿੱਚ ਔਰਤ ਦਿਵਸ ਦੀ ਗੱਲ ਕਰਦਾ ਹੋਇਆ, ਇੱਕ ਆਰਜ਼ੂ ਰੱਖਦਾ ਹੈ ਕਿ

"ਤੁਰਿਆ ਜੇ ਇੱਕ ਰੋਜ਼ ਮੈਂ ਮਾਤਮ ਮਨਾਉਣਾ ਸਾਥਿਉ,

ਚਿੱਟੀ ਸਫੇਦ ਚਾਨਣੀ ਗੀਤਾਂ ਤੇ ਪਾਉਣਾ ਸਾਥਿਉ"

ਇਹ ਅਲਫਾਜ ਬੇਸ਼ੱਕ ਜਸਵੰਤ ਧਾਪ ਜੀ ਦੀ ਕਵਿਤਾ ਦੇ ਹਨ, ਪਰ ਇੱਕ ਸ਼ਾਇਰ ਦੇ ਅੰਦਰਲੇ ਵਲਵਲੇ ਦਰਸਾਉਂਦੇ ਹਨ, ਕਿ ਸ਼ਾਇਰ ਲਿਖਦਾ-ਲਿਖਦਾ ਆਪਣੇ ਖ਼ਿਆਲਾਂ ਵਿੱਚ ਇਸ ਜਹਾਨੋਂ ਪਾਰ ਦੀਆਂ ਵੀ ਗੱਲਾਂ ਕਰ ਜਾਂਦਾ ਹੈ। ਬਹੁਤ ਹੀ ਵਧੀਆ ਸ਼ਾਇਰੀ ਜਸਵੰਧ ਧਾਪ ਜੀ ਦੀ, ਹਰ ਗ਼ਜ਼ਲ, ਹਰ ਰਚਨਾ, ਹਰ ਗੀਤ ਕੋਈ ਮੁੱਦਾ ਛੇੜਦੀ ਦਿੱਸਦੀ ਹੈ। ਕੋਈ ਸੁਨੇਹਾ ਦਿੰਦੀ ਦਿੱਸਦੀ ਹੈ। ਕੋਈ ਆਪਣੇ ਜਜਬਾਤ ਬਿਆਨ ਕਰਦੀ ਦਿੱਸਦੀ ਹੈ।

ਪੜਣ ਵਾਲੀ ਕਿਤਾਬ ਹੈ ਜੀ। ਗਾਇਕ ਚਾਹੁਣ ਤਾਂ ਸੰਗੀਤ ਦੀ ਦੁਨੀਆ ਲਈ ਬਹੁਤ ਸੋਹਣੇ ਅਲਫਾਜ਼ ਇਸ ਕਿਤਾਬ ਵਿੱਚ ਜਸਵੰਤ ਧਾਪ ਜੀ ਨੇ ਪਿਰੋਏ ਹਨ। ਜੇਕਰ ਬੇਹਤਰ ਸੰਗੀਤਿਕ ਧੁਨਾ ਦਾ ਸੰਜੋਗ ਇਸ ਕਿਤਾਬ ਨੂੰ ਮਿਲੇ ਤਾਂ ਸੰਗੀਤ ਦੇ ਖੇਤਰ ਲਈ ਬੇਹਤਰੀਨ ਗੀਤ ਇਸ ਕਿਤਾਬ ਵਿੱਚ ਹਨ। ਜਸਵੰਤ ਧਾਪ ਜੀ ਨੂੰ ਇਸ ਕਿਤਾਬ ਲਈ ਬਹੁਤ ਬਹੁਤ ਮੁਬਾਰਕਾਂ ਜੀ। ਜਸਵੰਤ ਧਾਪ ਜੀ ਦੀ ਅਗਲੀ ਕਿਤਾਬ ਦੀ ਉਡੀਕਵਾਨ

# ਪਤਾ ਨੀ ਕੀ ਕਰ ਲੈਂਦੀ !

ਵਰਲਡ ਪੰਜਾਬੀ ਟਾਈਮਜ਼
ਡਾ: ਰਮਨਦੀਪ ਕੌਰ

"ਨੀ ਰੱਜੋ ਅਜੇ ਤਾਂ ਤੂੰ ਬੀਮਾਰ ਹੈਂ, ਠੀਕ ਹੁੰਦੀ ਤਾਂ ਪਤਾ ਨੀ ਕੀ ਕਰ ਲੈਂਦੀ ?" ਝੇਡਾਂ ਕਰਦੇ ਰੱਜੋ ਦੀ ਸਹੇਲੀ ਅੱਕੋ ਨੇ ਕਿਹਾ। ਰੱਜੋ ਜਿਹੜੀ ਕਿ ਲੰਬੇ ਸਮੇਂ ਤੋਂ ਬਿਮਾਰੀ ਨਾਲ ਜੂਝ ਰਹੀ ਸੀ, ਪਰ ਉਸਨੇ ਆਪਣਾ ਹੌਂਸਲਾ ਕਦੀ ਵੀ ਨਾ ਡਿੱਗਣ ਦਿੱਤਾ। ਰੱਜੋ ਲਈ ਰੱਬ ਨੇ ਕਈ ਦਰਵਾਜ਼ੇ ਬੰਦ ਕਰ ਦਿੱਤੇ ਪਰ ਬਥੇਰੇ ਖੋਲ੍ਹ ਵੀ ਦਿੱਤੇ ਸੀ । ਬਿਮਾਰੀ ਕੱਟਣ ਦੇ ਬਾਵਜੂਦ ਵੀ ਰੱਜੋ ਨੇ ਨਾ ਘਰ ਦਾ ਕੰਮ ਛੱਡਿਆ, ਨਾ ਪੜ੍ਹਨਾ ਨਾ ਪੜਾਉਣਾ । ਚਾਈਂ-ਚਾਈਂ ਰੱਜੋ ਨੇ ਸਹੇਲੀ ਨੂੰ ਦੱਸਿਆ "ਜਿਵੇਂ ਹੀ ਇਸ ਚੰਦਰੀ ਬਿਮਾਰੀ ਨੇ ਮੈਨੂੰ ਘੇਰਿਆ, ਰੱਬ ਤੋਂ ਤਾਂ ਵਿਸ਼ਵਾਸ ਹੀ ਖ਼ਤਮ ਹੋ ਗਿਆ, ਪਰ ਦਰਦ ਨਾਲ ਤੜਪਦੀ ਨੂੰ ਸਿਰਫ਼ ਰੱਬ ਹੀ ਯਾਦ ਆਉਂਦਾ ਸੀ। ਪਰਿਵਾਰ ਤੇ ਜੀਵਨ ਸਾਥੀ ਨੇ ਬਹੁਤ ਸਾਥ ਦਿੱਤਾ ਬਿਮਾਰੀ ਨੂੰ ਨਜਿੱਠਣ ਵਾਸਤੇ, ਪਰ ਮੇਰੇ ਦਿਲ ਦੇ ਅਰਮਾਨ, ਅੱਗੇ ਵੱਧਣ ਦੀ ਚਾਅ , ਕੁੱਝ ਵੱਖਰਾ ਕਰਨ ਦੀ ਇੱਛਾ ਹੁਣ ਕਿਤੇ ਗੁਆਚ ਗਈ ਲੱਗਦੀ ਸੀ।" ਅੱਖਾਂ ਨਮ ਕਰ ਰੱਜੋ ਦੱਸਦੀ ਰਹੀ ਤੇ ਅੱਕੋ ਸੁਣਦੀ ਰਹੀ , "ਕਈ ਵਰ੍ਹੇ ਪਹਿਲਾਂ ਹਾਰ ਤਾਂ ਨਾ ਮੰਨੀ ਮੈਂ ਇਸ ਬਿਮਾਰੀ ਤੋਂ , ਨੌਕਰੀ ਤੇ ਜਾਣਾ ਜਾਰੀ ਰੱਖਿਆ, ਚਾਹੇ ਅਥਾਹ ਦਰਦ ਵਿੱਚ ਹੀ ਸੀ। ਸਮਾਂ ਬੀਤਿਆਂ ਸਰੀਰ ਨੇ ਜਵਾਬ ਦੇ ਦਿੱਤਾ ਨੌਕਰੀ ਕਰਨ ਤੋਂ ਫਿਰ ਕੀ ਸੀ, ਜ਼ਿੰਦਗੀ ਚ ਕੁਝ ਅਧੂਰਾ ਲੱਗਣਾ ਸ਼ੁਰੂ ਹੋ ਗਿਆ, ਇਨੇ ਸਾਲ ਨੌਕਰੀ ਕਰਨ ਤੋਂ ਬਾਅਦ ਘਰ ਬਿਮਾਰਾਂ ਵਾਂਗ ਬੈਠ ਜਾਣਾ,ਮਨਜ਼ੂਰ ਨਹੀਂ ਸੀ ਮੈਨੂੰ। ਪਰ ਸ਼ਾਇਦ ਕੀਤੇ ਹੋਏ ਕੁਝ ਚੰਗੇ ਕਰਮਾਂ ਨੇ ਸਾਥ ਦਿੱਤਾ ਤੇ ਨਵੇਂ ਸਿਰੋਂ ਪੜ੍ਹਾਈ ਕੀਤੀ, ਇਕ ਨਵੇਂ ਕੈਰੀਅਰ ਦੀ ਸ਼ੁਰੂਆਤ ਹੋਈ, ਔਖੀ ਬਹੁਤ ਹੋਈ, ਪਰ ਮਜ਼ਾ ਲੈ ਰਹੀ ਸੀ ਮੈਂ ਆਪਣੇ ਅੱਗੇ ਵੱਧਣ ਵਿੱਚ। ਜ਼ਿੰਦਗੀ ਦਾ ਇੱਕ ਨਵਾਂ ਅਧਿਐਨ ਸ਼ੁਰੂ ਹੋ ਗਿਆ । ਰੱਜੋ ਨੇ ਦੱਸਿਆਂ ਕਿਵੇਂ ਉਹ 25000 ਦੀ ਨੌਕਰੀ ਛੱਡ 2500 ਦੀ ਨੌਕਰੀ ਕਰਨ ਲੱਗੀ । ਪਰ ਉਸ ਨੌਕਰੀ ਵਿੱਚ ਵੀ ਰੂਹ ਦੀ ਖੁਸ਼ੀ ਮਿਲੀ ਉਸ ਨੂੰ। ਅੱਕੋ ਹੈਰਾਨ ਰਹਿ ਗਈ ਰੱਜੋ ਦੀਆਂ ਇਹਨਾਂ ਗੱਲਾਂ ਤੇ ਅਤੇ ਹੈਰਾਨੀ ਨਾਲ ਪੁੱਛਿਆ "ਕਿਵੇਂ ਇੰਨੀ ਹਿੰਮਤ ਮਿਲਦੀ ਸਭ ਕਰਨ ਦੀ ?" ਰੱਜੋ ਨੇ ਜਵਾਬ ਦਿੱਤਾ "ਉਹੀ ਪਰਮਾਤਮਾ, ਜਿਸਨੂੰ ਮੈਂ ਭੁਲਾ ਚੁੱਕੀ ਸੀ , ਉਸਦਾ ਨਿੱਤਨੇਮ , ਹੀਰੇ ਵਰਗੀਆਂ ਸਹੇਲੀਆਂ ਦੇ ਸਾਥ , ਪਰਿਵਾਰ ਦਾ ਸਾਥ ਅਤੇ ਦਿਲ ਵਿੱਚ ਹਰ ਵੇਲੇ ਬਸ ਅੱਗੇ ਵਧਣ ਦੀ ਤਾਂਘ ਨੇ ਹਿੰਮਤ ਬਖਸ਼ੀ ਰੱਖੀ।" ਅੱਕੋ ਨੂੰ ਬੜੀਆਂ ਡੂੰਘੀਆਂ ਤੇ ਸੱਚੀਆਂ ਲੱਗੀਆਂ ਇਹ ਗੱਲਾਂ ਅਤੇ ਪੁੱਛ ਬੈਠੀ " ਨੀ ਰੱਜੋ ! ਕੀ ਇਹ ਸਭ ਔਰਤਾਂ ਦੇ ਵੱਸ ਦੀ ਗੱਲ ਹੈ ?" ਬਸ ਫਿਰ ਰੱਜੋ ਨੇ ਪੂਰੇ ਜੋਸ਼ ਨਾਲ ਜਵਾਬ ਦਿੱਤਾ ," ਕਿਉਂ ਨਹੀਂ ! ਅਸੀਂ ਕਿਸੇ ਤੋਂ ਘੱਟ ਨਹੀਂ , ਕੁਝ ਗੁਣ ਤਾਂ ਉਸ ਪਰਮਾਤਮਾ ਨੇ ਸਾਡੀ ਝੋਲੀ ਪੱਕੇ ਤੌਰ ਤੇ ਪਾਏ ਹੀ ਹਨ , ਜਿਵੇਂ ਕਿ ਸਹਿਣਸ਼ੀਲਤਾ, ਮਮਤਾ , ਇੱਕੋ ਹੀ ਸਮੇਂ ਤੇ ਕਈ ਕੰਮਾਂ ਨੂੰ ਬਾਖ਼ੂਬੀ ਸਾਂਭ ਲੈਣਾ, ਪਿਆਰ, ਹਮਦਰਦੀ ਆਦਿ। ਇਸ ਦੇ ਨਾਲ ਜ਼ਿੰਦਗੀ ਵਿੱਚ ਕੁੱਝ ਕਰਨ ਦੀ ਅੰਦਰ ਅੱਗ ਹੋਵੇ ਤਾਂ ਸਭ ਹੋ ਸਕਦੈ, ਸਰੀਰਕ ਦਰਦ ਤੁਹਾਡੀ ਰਫ਼ਤਾਰ ਤਾਂ ਘਟਾ ਸਕਦੈ, ਪਰ ਤੁਹਾਡੀ ਮਾਨਸਿਕ ਤੰਦਰੁਸਤੀ ਉਸ ਦਰਦ ਨੂੰ ਕਈ ਗੁਣਾ ਘਟਾ ਦਿੰਦੀ ਹੈ । ਤੁਹਾਡੀ ਨਿੱਕੀ – ਨਿੱਕੀ ਸਫ਼ਲਤਾ ਇੱਕ ਦਿਨ ਤੁਹਾਨੂੰ ਵੱਡੀ ਸਫ਼ਲਤਾ ਦਵਾਉਂਦੀ ਹੈ । ਬਸ ਲੋੜ ਹੈ ਆਪਣੇ ਆਪ ਨਾਲ ਨਜਿੱਠਣ ਦੀ ਅਤੇ ਆਪਣੀਆਂ ਸ਼ਕਤੀਆਂ ਤੇ ਕੰਮ ਕਰਨ ਦੀ । ਤੁਹਾਡੀ ਜ਼ਿੰਦਗੀ ਵਿੱਚ ਉਸ ਪਰਮਾਤਮਾ ਦਾ ਓਟ ਆਸਰਾ, ਕੁੱਝ ਗਿਣੇ – ਚੁਣੇ ਰਿਸ਼ਤੇਦਾਰ ਜਿਨ੍ਹਾਂ ਦੀ ਤਹਿ ਦਿਲੋਂ ਤੁਹਾਡੇ ਨਾਲ ਸਾਂਝ ਹੋਵੇ , ਦੋ ਜਾਂ ਤਿੰਨ ਚੰਗੇ ਮਿੱਤਰ ਜਾਂ ਸਹੇਲੀਆਂ ਜੋ ਤੁਹਾਡੀ ਸੱਜੀ – ਖੱਬੀ ਬਾਂਹ ਹੋਣ ਅਤੇ ਜਿਨਾਂ ਨਾਲ ਤੁਹਾਡਾ ਰੂਹ ਦਾ ਰਿਸ਼ਤਾ ਹੋਵੇ , ਸਾਥ ਦੇਣ ਵਾਲਾ ਜੀਵਨ ਸਾਥੀ ਤੇ ਕੁਦਰਤ ਨਾਲ ਇੱਕਮਿਕਤਾ ਤੁਹਾਨੂੰ ਅੱਗੇ ਵੱਧਣ ਤੋਂ ਰੋਕ ਹੀ ਨਹੀਂ ਸਕਦੀ।"

# ਪੰਜਾਬੀ ? (ਭਾਗ: ਦੂਸਰਾ)

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

ਪੇਪਰ ਹੈ ਜਾਂ ਸ਼ੀਟ ਹੈ, ਆਮਲੇਟ ਜਾਂ ਮੀਟ ਹੈ,
ਟਿਊਨ ਹੈ ਜਾਂ ਬੀਟ ਹੈ, ਕੂਲਿੰਗ ਜਾਂ ਹੀਟ ਹੈ,
ਮਿਕਸ ਹੈ ਜਾਂ ਨੀਟ ਹੈ, ਕੁੱਝ ਵੀ ਪੰਜਾਬੀ ਨੀ।

ਲੈਦਰ ਜਾਂ ਗਲਾਸ ਹੈ, ਡਰਿੱਲ ਜਾਂ ਪਲਾਸ ਹੈ,
ਲਾਈਨ ਜਾਂ ਕਰਾਸ ਹੈ, ਸਲੈਕਸ਼ਨ ਜਾਂ ਟਾਸ ਹੈ,
ਸਰ ਹੈ ਜਾਂ ਬਾਸ ਹੈ, ਕੁੱਝ ਵੀ ਪੰਜਾਬੀ ਨੀ।

ਸ਼ਰਟ ਹੈ ਜਾਂ ਪੈਂੱਟ ਹੈ, ਸਮੈੱਲ ਭਾਵੇਂ ਸੈਂੱਟ ਹੈ,
ਸਕਰੈਚ ਹੈ ਜਾਂ ਡੈਂੱਟ ਹੈ, ਪੈਲੇਸ ਜਾਂ ਟੈਂੱਟ ਹੈ,
ਬੁਕਿੰਗ ਚਾਹੇ ਰੈਂੱਟ ਹੈ, ਕੁੱਝ ਵੀ ਪੰਜਾਬੀ ਨੀ'।

ਮਾਰਕੀਟ ਜਾਂ ਸੇਲ ਹੈ, ਪੋਸਟ ਹੈ ਜਾਂ ਮੇਲ ਹੈ,
ਸਕਿੰਨ ਭਾਵੇਂ ਨੇਲ ਹੈ, ਹੈੱਡ ਹੈ ਜਾਂ ਟੇਲ ਹੈ,
ਰਿਜੈਕਟ ਭਾਵੇਂ ਫੇਲ੍ਹ ਹੈ, ਕੁੱਝ ਵੀ ਪੰਜਾਬੀ ਨੀ'।

ਪੋਜ਼ ਜਾਂ ਸਮਾਈਲ ਹੈ, ਐਕਸ਼ਨ ਜਾਂ ਸਟਾਈਲ ਹੈ,
ਸੈੱਟ ਜਾਂ ਮੋਬਾਈਲ ਹੈ, ਬੁੱਕ ਹੈ ਜਾਂ ਫਾਈਲ ਹੈ,
ਮਾਰਬਲ ਜਾਂ ਟਾਈਲ ਹੈ, ਕੁੱਝ ਵੀ ਪੰਜਾਬੀ ਨੀ'।

ਬੱਸ ਜਾਂ ਟਰੇਨ ਹੈ, ਕਵਰ ਭਾਵੇਂ ਚੇਨ ਹੈ,
ਬਲੀਡਿੰਗ ਯਾ ਪੇਨ ਹੈ, ਐਕਸਟ੍ਰਾ ਜਾਂ ਮੇਨ ਹੈ,
ਸ਼ਿੱਪ ਜਾਂ ਪਲੇਨ ਹੈ, ਕੁੱਝ ਵੀ ਪੰਜਾਬੀ ਨੀ'।

ਹੁੱਕ ਭਾਵੇਂ ਜ਼ਿੱਪ ਹੈ, ਪੈੱਗ ਹੈ ਯਾ ਸਿੱਪ ਹੈ,
ਡਿਸਕ ਹੈ ਜਾਂ ਚਿੱਪ ਹੈ, ਗਿਫਟ ਚਾਹੇ ਟਿੱਪ ਹੈ,
ਮਿੱਸ ਜਾਂ ਸਲਿੱਪ ਹੈ, ਕੁੱਝ ਵੀ ਪੰਜਾਬੀ ਨੀ'।

ਸ਼ੈਡੋਅ ਭਾਵੇਂ ਸ਼ੇਡ ਹੈ, ਅਸਿਸਟੈਂਟ ਯਾ ਮੇਡ ਹੈ,
ਮੈਰਿਟ ਜਾਂ ਗਰੇਡ ਹੈ, ਫਰੀ ਚਾਹੇ ਪੇਡ ਹੈ,
ਕਟਰ ਜਾਂ ਬਲੇਡ ਹੈ, ਕੁੱਝ ਵੀ ਪੰਜਾਬੀ ਨੀ'।

ਬਾਈਪਾਸ ਜਾਂ ਰੋਡ ਹੈ, ਸੀਕਰੇਟ ਜਾਂ ਕੋਡ ਹੈ,
ਪ੍ਰੇਅਰ ਭਾਵੇਂ ਗੋਡ ਹੈ, ਸਾਈਡ ਹੈ ਜਾਂ ਮੋਡ ਹੈ,
ਹੈਵੀ ਚਾਹੇ ਲੋਡ ਹੈ, ਕੁੱਝ ਵੀ ਪੰਜਾਬੀ ਨੀ'।

ਲੂਜ਼ ਭਾਵੇਂ ਟਾਈਟ ਹੈ, ਰੌਂਗ ਚਾਹੇ ਰਾਈਟ ਹੈ,
ਟਾਰਚ ਹੈ ਜਾਂ ਲਾਈਟ ਹੈ, ਫੂਡ ਹੈ ਜਾਂ ਡਾਈਟ ਹੈ,
ਈਵਨਿੰਗ ਜਾਂ ਨਾਈਟ ਹੈ, ਕੁੱਝ ਵੀ ਪੰਜਾਬੀ ਨੀ'।

ਡਰਾਫਟ ਜਾਂ ਚੈੱਕ ਹੈ, ਸਪੋਰਟ ਭਾਵੇਂ ਜੈੱਕ ਹੈ,
ਸਟੀਰੀਓ ਜਾਂ ਡੈੱਕ ਹੈ, ਓਪਨ ਜਾਂ ਪੈੱਕ ਹੈ,
ਬਰੇਕ ਜਾਂ ਕਰੈੱਕ ਹੈ, ਕੁੱਝ ਵੀ ਪੰਜਾਬੀ ਨੀ'।

ਰੋਮੀ ਜੋ ਤੇਰਾ ਬੈਂਡ ਹੈ, ਘੜਾਮਾਂ ਬਰਥ-ਲੈਂਡ ਹੈ,
ਬ੍ਰਦਰ ਰਾਈਟ-ਹੈਂਡ ਹੈ ਜਾਂ ਫਾਦਰ ਮਦਰ ਗਰੈਂਡ ਹੈ,
ਕੋਈ ਫੇਵਰੇਟ ਬਰੈਂਡ ਹੈ, ਕੁੱਝ ਵੀ ਪੰਜਾਬੀ ਨੀ'।

ਪਰ ਸਮਝ ਤੋਂ ਕੁੱਝ ਬਾਹਰ ਨੀ', ਦਿਮਾਗ 'ਤੇ ਕੋਈ ਭਾਰ ਨੀ',
ਕੋਈ ਵਾਧੂ ਜਾਂ ਬੇਕਾਰ ਨੀ', ਡਿੱਗਦਾ ਕਿਤੇ ਮਿਆਰ ਨੀ',
ਕੋਈ ਦਾਬ ਜਾਂ ਉਲਾਰ ਨੀ, ਫਿਰ ਕਿਵੇਂ ਇਹ ਪੰਜਾਬੀ ਨੀ' ?

ਕੁੱਲ ਵਰਲਡ ਦਾ ਇਹ ਫੈਕਟ ਹੈ, ਬੋਲੀ ਨਾ ਕੋਈ ਪਰਫੈਕਟ ਹੈ,
ਪਰਵਾਸ ਦਾ ਰੀਐਕਟ ਹੈ, ਇਹ ਖੋਜ ਦਾ ਸਬਜੈਕਟ ਹੈ,
ਕਰੋ ਜਿਹਨੂੰ ਵੀ ਟੈਕਟ ਹੈ, ਕੀ ਸਕੋਪ ਬੇਹਿਸਾਬੀ ਨੀ' ?

# || ਖ਼ੁੱਦ ਨੂੰ ਤਰਾਸ਼ ||

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ ਵਿਰਕ

ਖ਼ੁੱਦ ਦੇ ਨਜ਼ਰੀਏ ਨੂੰ ਬਦਲ ਕੇ ਦੇਖ।
ਬਹਾਨੇ ਮਾਰਨਾ ਤੂੰ ਛੱਡ ਕੇ ਤਾਂ ਦੇਖ।।

ਖ਼ੁੱਦ ਪਹਿਲਾ ਕਦਮ ਵਧਾ ਕੇ ਤਾਂ ਦੇਖ।
ਜ਼ਿੰਦਗੀ ਵਿੱਚ ਕੁੱਝ ਕਰ ਕੇ ਤਾਂ ਦੇਖ।।

ਖ਼ੁੱਦ ਦਾ ਤੂੰ ਖ਼ੁੱਦ ਹੀ ਸਹਾਈ ਹੋ ਕੇ ਦੇਖ।
ਖ਼ੁੱਦ ਹੀ ਤੂੰ ਖ਼ੁੱਦ ਨੂੰ ਤਰਾਸ਼ ਕੇ ਤਾਂ ਦੇਖ।।

ਮਿਹਨਤ ਦਾ ਪਸੀਨਾ ਤੂੰ ਵਹਾ ਕੇ ਦੇਖ।
ਸੇਕ ਨੂੰ ਖ਼ੁੱਦ ਦੇ ਪਿੰਡੇ ਹੰਢਾ ਕੇ ਤਾਂ ਦੇਖ।।

ਜ਼ਿੰਦਗੀ ਦਾ ਸਹੀ ਅਨੰਦ ਮਾਣ ਕੇ ਦੇਖ।
ਸਫ਼ਲਤਾ ਦੇ ਗੀਤ ਤੂੰ ਗੁਣਗੁਣਾ ਕੇ ਦੇਖ।।

ਸੂਦ ਵਿਰਕ ਦੀ ਗੱਲ ਨੂੰ ਤੂੰ ਮੰਨ ਕੇ ਦੇਖ।
ਲੱਗੋ ਅੰਬਰੀਂ ਉੱਚੀ ਉਡਾਰੀ ਫੇਰ ਤੂੰ ਦੇਖ।।

